# ਸਤਿਸੰਗ

# ਗੁਰਬਾਣੀ ਉਪਮਾ

**ਆਸਾ ਮਹਲਾ ੧ ॥ (ਅੰਗ 352)**

**ਜੋ ਤਿਨਿ ਕੀਆ ਸੋ ਸਚੁ ਥੀਆ ॥**

**ਅੰਮ੍ਰਿਤ ਨਾਮੁ ਸਤਿਗੁਰਿ ਦੀਆ ॥**

ਹਰ ਦਫਾ ਗੁਰਬਾਣੀ ਦਾ ਯਸ਼ ਕਰਨ ਲੱਗਿਆਂ ਇਹੋ ਬੇਨਤੀ ਕਰੀਦੀ ਹੈ ਕਿ ਅਸੀਂ ਕੋਈ ਗੁਰੂ, ਪੀਰ, ਪੈਗੰਬਰ, ਔਲੀਏ, ਸਾਧੂ ਬਣ ਕੇ ਯਸ਼ ਨਹੀਂ ਕਰਦੇ ਬਲਕਿ ਹਜ਼ੂਰ ਦੀ ਬਾਣੀ ਦੇ ਕੂਕਰ-ਮਰਾਸੀ ਬਣ ਕੇ ਮਾਲਕ ਦਾ ਯਸ਼ ਕਰੀਦਾ ਹੈ ਅਤੇ ਹਰ ਵਕਤ ਇਹੋ ਬੇਨਤੀ ਕਰੀਦੀ ਹੈ ਸੱਚੇ ਪਾਤਿਸ਼ਾਹੋ ! ਜਿੰਨਾਂ ਚਿਰ ਇਸ ਤਨ ਅੰਦਰ ਸੁਆਸ ਹਨ ਕਿਰਪਾ ਕਰਕੇ ਇਸੇ ਹੀ ਤਰ੍ਹਾਂ ਆਪਣਾ ਯਸ਼ ਕਰਾਉਂਦੇ ਰਹਿਣਾ। ਦੂਸਰੀ ਬੇਨਤੀ, ਹਰ ਦਫਾ, ਆਈ ਸੰਗਤ ਅੱਗੇ ਕਰੀਦੀ ਹੈ ਕਿ ਦੁਨੀਆਂ ਉੱਤੇ ਕੋਈ ਦੇਹਧਾਰੀ ਗੁਰੂ ਨਹੀਂ ਹੈ। ਪੂਰਨ ਸੰਤਾਂ ਦੇ ਉਚਾਰਨ ਕੀਤੇ ਮਹਾਂਵਾਕ (ਗੁਰਬਾਣੀ) ਹੀ ਗੁਰੂ ਹੈ ਜਿਸ ਪ੍ਥਾਇ ਹਜ਼ੂਰ ਪੰਜਵੇਂ ਪਾਤਿਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਸਤਿਗੁਰੂ, ਹਜ਼ੂਰ ਚੌਥੇ ਪਾਤਿਸ਼ਾਹ, ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਸੋਢੀ ਸੁਲਤਾਨ ਦੇ ਉਚਾਰਨ ਕੀਤੇ ਮਹਾਂਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਕਰ ਕੇ ਇਹ ਨਿਰਨਾ ਹੀ ਕਰ ਦਿੱਤਾ ਹੈ ਕਿ

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*

*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥*

*(ਅੰਗ 982)*

ਜੋ ਪ੍ਰਾਣੀ ਗੁਰਬਾਣੀ ਦੇ ਬਚਨਾਂ ਨੂੰ ਸਤਿ ਕਰ ਕੇ ਮੰਨਦਾ ਹੈ, ਗੁਰਬਾਣੀ ਉਸਦਾ ਮਿਲਾਪ ਪਰਤੱਖ ਤਾਕਤ ਨਾਲ ਕਰਾ ਦਿੰਦੀ ਹੈ। ਪਰ ਇਸ ਭੇਦ ਦੀ ਪ੍ਰਾਪਤੀ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ?

ਜਦੋਂ ਅਸੀਂ ਖੁਦ ਪਾਠ ਕਰਦੇ ਹਾਂ ਜਾਂ ਪਾਠ, ਅਖੰਡਪਾਠ ਕਰਾਉਂਦੇ ਹਾਂ ਤਾਂ ਉਸ ਪਾਠ/ਅਖੰਡਪਾਠ ਦੇ ਭੋਗ ਉਪ੍ਰੰਤ ਜੋ ਗੁਰਵਾਕ (ਹੁਕਮਨਾਮਾ) ਆਉਂਦਾ ਹੈ ਉਹ ਸਾਡੇ ਲਈ ਗੁਰੂ ਦਾ ਹੁਕਮ ਹੁੰਦਾ ਹੈ। ਇਸ ਬਾਰੇ ਵੀ ਹਜ਼ੂਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਹਾਂਵਾਕ ਦਰਜ ਕਰ ਕੇ ਨਿਰਨਾ ਕੀਤਾ ਹੋਇਆ ਹੈ

*ਗੁਰ ਵਾਕੁ ਨਿਰਮਲੁ ਸਦਾ ਚਾਨਣੁ*

*ਨਿਤ ਸਾਚੁ ਤੀਰਥੁ ਮਜਨਾ ॥ (ਅੰਗ 687)*

ਕਿ ਸਹਿਜ ਅਵਸਥਾ ਵਿਚ ਆਇਆ ਹੁਕਮਨਾਮਾ ਸਾਰੀ ਕਾਇਨਾਤ ਵਾਸਤੇ ਚਾਨਣ ਮੁਨਾਰਾ ਹੁੰਦਾ ਹੈ ਅਤੇ ਸਾਡੇ ਕਰਮਾਂ ਦੀ ਮੈਲ ਸਾਫ਼ ਕਰਨ ਵਾਸਤੇ ਮੰਜਨ ਦਾ ਕੰਮ ਕਰਦਾ ਹੈ। ਇਸ ਲਈ ਸਾਨੂੰ ਆਪਣੀ ਰਹਿਣੀ ਉਸ ਹੁਕਮਨਾਮੇ ਅਨੁਸਾਰ ਬਣਾਉਣੀ ਚਾਹੀਦੀ ਹੈ।

ਸਭ ਤੋਂ ਪਹਿਲਾਂ ਆਈ ਸੰਗਤ ਨੂੰ, ਸਾਰੇ ਦੇਸ਼ ਵਾਸੀਆਂ ਨੂੰ, ਸਾਰੀ ਕਾਇਨਾਤ ਨੂੰ ਗੁਰੂ ਰਵਿਦਾਸ ਜੀ ਮਹਾਰਾਜ ਦੇ 633ਵੇਂ ਪਾਵਨ ਅਵਤਾਰ ਪੁਰਬ ਦੀਆਂ ਲੱਖ-ਲੱਖ ਵਧਾਈਆਂ ਹੋਣ। ਹਜ਼ੂਰ ਕਿਰਪਾ ਅਤੇ ਬਖ਼ਸ਼ਿਸ਼ ਕਰਕੇ ਸੰਗਤ ਨੂੰ ਇਸੇ ਤਰ੍ਹਾਂ ਅਵਤਾਰ ਪੁਰਬ ਮਨਾਉਣ ਲਈ ਉੱਦਮ ਬਖ਼ਸ਼ਦੇ ਰਹਿਣ। ਕੱਲ ਗੁਰੂ ਰਵਿਦਾਸ ਜੀ ਮਹਾਰਾਜ ਦੇ ਅਵਤਾਰ ਪੁਰਬ ਦੀ ਖੁਸ਼ੀ ਮਾਣਦੇ ਹੋਏ ਸ਼ਹਿਰ ਵਿੱਚ ਸ਼ੋਭਾ ਯਾਤਰਾ ਕੱਢੀ ਗਈ। ਉਸ ਵਿੱਚ ਹਜ਼ੂਰ ਨੇ ਸਾਨੂੰ ਵੀ ਅਤੇ ਸੰਗਤ ਨੂੰ ਵੀ ਸ਼ਾਮਲ ਹੋਣ ਦਾ ਸੁਭਾਗ ਬਖਸ਼ਿਆ। ਅਸੀਂ ਇੱਥੇ ਤੁਹਾਨੂੰ ਦੱਸ ਰਹੇ ਹਾਂ ਕਿ ਨਗਰ ਕੀਰਤਨ ਜਾਂ ਸ਼ੋਭਾ ਯਾਤਰਾ ਕੱਢਣ ਦਾ ਮੰਤਵ ਕੀ ਹੈ। ਇਹ ਕਦੋਂ ਤੋਂ ਕੱਢਣੀਆਂ ਆਰੰਭ ਕੀਤੀਆਂ ਗਈਆਂ।

ਗੁਰੂ ਰਵਿਦਾਸ ਜੀ ਮਹਾਰਾਜ ਬਹੁਤ ਹੀ ਸੱਚੀ ਅਤੇ ਸੁੱਚੀ ਕਿਰਤ ਕਰਨ ਵਾਲੇ, ਈਮਾਨਦਾਰ, ਨੇਕ ਨੀਤੀ ਵਾਲੇ ਅਤੇ ਸਾਂਝੀਵਾਲਤਾ ਦਾ ਪੈਗਾਮ ਦੇਣ ਵਾਲੇ, ਮਾਲਿਕ ਨੂੰ ਇੱਕ ਰੂਪ ਸਮਝਦੇ ਹੋਏ ਇੱਕ ਅੱਛੇ, ਨਰੋਏ ਸਮਾਜ ਦੀ ਸਿਰਜਣਾ ਲਈ ਯਤਨਸ਼ੀਲ ਸਨ। ਐਸੀ ਦਿਸ਼ਾ ਦੇਖ ਕੇ ਭਗਵਾਨ ਖੁਦ ਗੁਰੂ ਰਵਿਦਾਸ ਜੀ ਪਾਸ ਆਏ ਕਿ ਰਵਿਦਾਸ ਤੂੰ ਪੈਸੇ ਲੈਣ ਤੋਂ ਬਿਨਾਂ ਹੀ ਲੋਕਾਂ ਦੇ ਜੋੜੇ ਗੰਢ ਦਿੰਦਾ ਏਂ। ਕੋਈ ਜੋ ਦਿੰਦਾ ਹੈ ਉਹ ਲੈ ਲੈਂਦਾ ਏਂ। ਤੇਰਾ ਗੁਜ਼ਾਰਾ ਕਿਵੇਂ ਹੋਵੇਗਾ। ਗੁਰੂ ਰਵਿਦਾਸ

ਜੀ ਨੇ ਕਿਹਾ ਹਜ਼ੂਰ! ਮੇਰਾ ਗੁਜ਼ਾਰਾ ਠੀਕ ਚੱਲ ਰਿਹਾ ਹੈ। ਭਗਵਾਨ ਨੇ ਗੁਰੂ ਰਵਿਦਾਸ ਜੀ ਨੂੰ ਇੱਕ ਪਾਰਸ ਦਿੱਤਾ ਅਤੇ ਕਿਹਾ ਕਿ ਇਸ ਨੂੰ ਤੂੰ ਜਿਸ ਵੀ ਧਾਤ ਨਾਲ ਲਗਾਵੇਂਗਾ ਉਹ ਸੋਨਾ ਬਣ ਜਾਵੇਗੀ। ਇਸ ਤਰ੍ਹਾਂ ਪੈਸੇ ਵੱਟ ਕੇ ਤੂੰ ਆਪਣਾ ਅੱਛੀ ਤਰ੍ਹਾਂ ਗੁਜ਼ਾਰਾ ਕਰ। ਪਰ ਗੁਰੂ ਰਵਿਦਾਸ ਜੀ ਸੋਚਣ ਲੱਗੇ ਕਿ ਮੈਂ ਜਿੰਨਾ ਸਮਾਂ ਲੋਹੇ ਨੂੰ ਸੋਨਾ ਬਣਾ ਕੇ ਵੇਚਣ ਤੇ ਲਗਾਉਣਾ ਹੈ, ਓਨਾ ਸਮਾਂ ਹੋਰ ਸਿਮਰਨ ਕਰ ਲੈਂਦਾ ਹਾਂ, ਹੋਰ ਬੰਦਗੀ ਕਰ ਲੈਂਦਾ ਹਾਂ। ਕੁਝ ਦਿਨ ਬਾਅਦ ਭਗਵਾਨ ਫੇਰ ਆਏ ਅਤੇ ਕਿਹਾ ਰਵਿਦਾਸ ਜੀ ਪਾਰਸ ਕਿੱਥੇ ਹੈ? ਗੁਰੂ ਰਵਿਦਾਸ ਜੀ ਨੇ ਕਿਹਾ ਤੁਸੀਂ ਜਿੱਥੇ ਰੱਖਿਆ ਸੀ ਉੱਥੋਂ ਲੈ ਲਓ। ਮੈਂ ਤਾਂ ਉਸ ਨੂੰ ਛੂਹਿਆ ਵੀ ਨਹੀਂ ਹੈ।

ਫੇਰ ਜਿੱਥੇ ਗੁਰੂ ਰਵਿਦਾਸ ਜੀ ਝੁੱਗੀ ਵਿੱਚ ਜੋੜੇ ਗੰਢਦੇ ਸੀ, ਭਗਵਾਨ ਨੇ ਉੱਥੇ ਸੋਨੇ ਦੀਆਂ ਅਸ਼ਰਫੀਆਂ ਸੁੱਟੀਆਂ ਪਰ ਗੁਰੂ ਰਵਿਦਾਸ ਜੀ ਉਹਨਾਂ ਨੂੰ ਵੀ ਠੀਕਰੀਆਂ ਸਮਝ ਕੇ ਝਾੜੂ ਨਾਲ ਕੂੜੇ ਦੇ ਨਾਲ ਹੀ ਇੱਕ ਪਾਸੇ ਇਕੱਠੀਆਂ ਕਰੀ ਗਏ। ਭਗਵਨ ਫੇਰ ਸਾਧੂ ਦਾ ਰੂਪ ਧਾਰ ਕੇ ਆਏ ਅਤੇ ਕਿਹਾ ਕਿ ਅਸੀਂ ਤੈਨੂੰ ਸੋਨੇ ਦੀਆਂ ਅਸ਼ਰਫੀਆਂ ਦਿੱਤੀਆਂ ਸਨ। ਗੁਰੂ ਰਵਿਦਾਸ ਜੀ ਨੇ ਕਿਹਾ ਮੈਂ ਇੱਕ ਪਾਸੇ ਇਕੱਠੀਆਂ ਕਰ ਦਿੱਤੀਆਂ ਹਨ। ਉਹ ਤੁਹਾਡੀ ਹੀ ਅਮਾਨਤ ਹੈ ਲੈ ਜਾਉ। ਭਗਵਾਨ ਨੇ ਕਿਹਾ ਦੇਖ ਰਵਿਦਾਸ! ਤੂੰ ਐਨੀ ਬੰਦਗੀ ਕਰਦਾ ਏਂ। ਫਲਾਣੇ ਬਾਦਸ਼ਾਹ ਦੇ ਘਰ ਔਲਾਦ ਨਹੀਂ ਹੈ। ਅਸੀਂ ਉਸ ਰਾਜੇ ਨੂੰ ਤੇਰੇ ਕੋਲ ਭੇਜ ਦਿੰਦੇ ਹਾਂ। ਤੂੰ ਬੇਨਤੀ ਕਰ ਦੇਵੀਂ। ਔਲਾਦ ਅਸੀਂ ਬਖ਼ਸ਼ ਦੇਣੀ ਹੈ, ਤੇਰੀ ਸੋਭਾ ਹੋਵੇਗੀ। ਸਾਡਾ ਇਹ ਬਚਨ ਨਾ ਮੋੜੀਂ। ਗੁਰੂ ਰਵਿਦਾਸ ਜੀ ਨੇ ਭਗਵਾਨ ਦੇ ਬਚਨ ਮੰਨ ਕੇ ਉਸ ਰਾਜੇ ਲਈ ਬੇਨਤੀ ਕਰ ਦਿੱਤੀ। ਉਸ ਰਾਜੇ ਦੇ ਘਰ ਔਲਾਦ ਹੋ ਗਈ ਅਤੇ ਉਸ ਨੇ ਗੁਰੂ ਰਵਿਦਾਸ ਜੀ ਦੇ ਲਈ ਬੜੇ ਸੁੰਦਰ ਮਹੱਲ ਬਣਾ ਦਿੱਤੇ। ਪਰ ਗੁਰੂ ਰਵਿਦਾਸ ਜੀ ਮਹਾਰਾਜ ਨੇ ਉਸ ਮਹੱਲ ਨੂੰ ਮੰਦਰ ਬਣਾ ਕੇ ਉਸ ਵਿੱਚ ਮੂਰਤੀਆਂ ਸਥਾਪਿਤ ਕਰ ਦਿੱਤੀਆਂ ਅਤੇ ਆਪ ਫੇਰ ਝੌਂਪੜੀ ਵਿੱਚ ਚਲੇ ਗਏ। ਜਦੋਂ ਮੂਰਤੀਆਂ ਦੀ ਪੂਜਾ ਕਰਨ ਲੱਗੇ ਤਦ ਜੋ ਉੱਚੀ ਜਾਤੀ ਦੇ ਲੋਕ ਸਨ, ਉਹਨਾਂ ਵਿੱਚ ਚਾਹੇ ਕੋਈ ਰਜਵਾੜਾ, ਠਾਕੁਰ, ਰਾਜਪੂਤ ਜਾਂ ਪੰਡਿਤ ਸੀ ਜਾਂ ਜੋ ਵੀ ਜ਼ਿਮੀਦਾਰ, ਜੱਟ ਸੀ ਉਹ ਸਾਰੇ ਕਹਿਣ ਲੱਗੇ ਕਿ ਪੂਜਾ ਕਰਨਾ ਸਾਡਾ ਹੱਕ ਹੈ। ਇਹ ਨੀਵੀਂ ਜਾਤ ਦੇ ਹੋ ਕੇ, ਛੋਟੀ ਜਾਤੀ ਦੇ ਹੋ ਕੇ, ਪੂਜਾ ਕਿਉਂ ਕਰਦੇ ਹਨ? ਉਹਨਾਂ ਨੇ ਜਾ ਕੇ ਰਾਜੇ ਕੋਲ ਸ਼ਿਕਾਇਤ ਕੀਤੀ। ਉਹ ਰਾਜਾ ਮੁਸਲਮਾਨ ਸੀ. ਉਹ ਕਹਿਣ ਲੱਗਾ ਕਿ ਮੈਂ ਕਿਵੇਂ ਸਮਝਾਂ ਕਿ ਤੁਹਾਡਾ ਭਗਵਾਨ ਕਿਸ ਨਾਲ ਪਿਆਰ ਕਰਦਾ ਹੈ। ਕਿਉਂਕਿ ਇਸਲਾਮ ਮੱਤ ਵਿੱਚ ਚਾਹੇ ਕੋਈ ਛੋਟੀ ਜਾਤੀ ਦਾ ਹੈ ਜਾਂ ਵੱਡੀ ਜਾਤੀ ਵਿਚੋਂ ਹੈ ਉਸ ਨੂੰ ਮਸਜਿਦ ਵਿੱਚ ਜਾਣ ਤੋਂ ਰੋਕਿਆ ਨਹੀਂ ਜਾਂਦਾ। ਉਹ ਸਗੋਂ ਪ੍ਰੇਰਨਾ ਦੇ ਕੇ ਸੱਦਦੇ ਹਨ। ਬੇਸ਼ੱਕ ਕੋਈ ਮਾਸ਼ਕੀ ਜਾਂ ਚਮਿਆਰ ਹੋਵੇ। ਉਹ ਚਾਹੇ ਕਿਸੇ ਵੀ ਜਾਤੀ ਦਾ ਜੀਵ ਹੋਵੇ, ਰੋਕਦੇ ਨਹੀਂ ਹਨ। ਉਸ ਰਾਜੇ ਨੇ ਕਿਹਾ ਕਿ ਅਸੀਂ ਇਨਸਾਫ ਕਰਨਾ ਚਾਹੁੰਦੇ ਹਾਂ, ਤੁਸੀਂ ਕਹਿੰਦੇ ਹੋ ਕਿ ਭਗਵਾਨ ਸਾਡੇ ਹਨ। ਅਸੀਂ ਇੰਝ ਕਰਦੇ ਹਾਂ ਕਿ ਮੂਰਤੀਆਂ ਗੰਗਾ ਤੋ ਪਾਰ ਰੱਖ ਦਿੰਦੇ ਹਾਂ। ਤੁਸੀਂ ਮੰਤਰ ਪੜ੍ਹਿਉ। ਅਗਰ ਤੁਹਾਡੇ ਮੰਤਰ ਪੜ੍ਹਨ ਨਾਲ ਮੂਰਤੀਆਂ ਗੰਗਾ ਪਾਰ ਤੋਂ ਚੱਲ ਕੇ ਪਾਣੀ ਉੱਪਰ ਤੈਰਦੀਆਂ ਹੋਈਆਂ ਇਸ ਪਾਸੇ ਆ ਜਾਣ। ਅਸੀਂ ਚੰਦਨ ਦੀ ਚੌਂਕੀ ਬਣਾ ਕੇ ਰੱਖ ਦਿੰਦੇ ਹਾਂ ਅਤੇ ਮੂਰਤੀਆਂ ਆ ਕੇ ਇਸ ਚੌਂਕੀ ਉੱਪਰ ਬਿਰਾਜ਼ਮਾਨ ਹੋ ਜਾਣ। ਫੇਰ ਅਸੀਂ ਸਮਝਾਂਗੇ ਕਿ ਗੁਰੂ ਰਵਿਦਾਸ ਜੀ ਮੂਰਤੀਆਂ ਦੀ ਪੂਜਾ ਨਹੀਂ ਕਰ ਸਦਦੇ। ਪੰਡਿਤਾਂ ਨੇ ਬਹੁਤ ਮੰਤਰ ਪੜ੍ਹੇ ਪਰ ਮੂਰਤੀਆਂ ਨਾ ਆਈਆਂ। ਫੇਰ ਰਾਜੇ ਨੇ ਗੁਰੂ ਰਵਿਦਾਸ ਜੀ ਨੂੰ ਕਿਹਾ ਕਿ ਤੁਸੀਂ ਵੀ ਮੂਰਤੀ ਪੂਜਾ ਕਰਦੇ ਹੋ। ਤੁਸੀਂ ਵੀ ਮੰਤਰ ਪੜ੍ਹੋ, ਅਰਾਧਨਾ ਕਰੋ ਤਾਕਿ ਨਿਰਨਾ ਹੋਵੇ ਕਿ ਮੂਰਤੀਆਂ ਤੁਹਾਡੇ ਮੰਤਰ ਪੜ੍ਹਨ ਨਾਲ ਇੱਧਰ ਆਉਂਦੀਆਂ ਹਨ ਜਾਂ ਨਹੀਂ। ਤਦ ਗੁਰੂ ਰਵਿਦਾਸ ਜੀ ਨੇ ਕਿਹਾ ਕਿ ਅਸੀਂ ਮੰਤਰ ਨਹੀਂ ਪੜ੍ਹਦੇ। ਅਸੀਂ ਤਾਂ ਬੇਨਤੀ ਕਰਾਂਗੇ। ਤਦ ਹਜ਼ੂਰ ਗੁਰੂ ਰਵਿਦਾਸ ਜੀ ਨੇ ਬੇਨਤੀ ਕੀਤੀ ਤਾਂ ਜਿਸ ਤਰ੍ਹਾਂ ਸੰਤਾਂ ਨੇ ਫ਼ੁਰਮਾਇਆ ਹੈ

*ਜੇ ਤੂ ਹੋ ਜਾਏਂ ਗਰੀਬ ਤੈਨੂੰ ਮਿਲਣ ਗਰੀਬ ਨਿਵਾਜ॥*

ਅਗਰ ਤੂੰ ਗਰੀਬ ਅਤੇ ਨਿਮਾਣਾ ਹੋਵੇਂਗਾ ਤਦ ਤੈਨੂੰ ਹਜ਼ੂਰ ਮਾਣ ਬਖ਼ਸ਼ਣਗੇ। ਤਦ ਉਸ ਲਕਸ਼ ਨੂੰ ਮੁੱਖ ਰੱਖ ਕੇ ਗੁਰੂ ਰਵਿਦਾਸ ਜੀ ਮਹਾਰਾਜ ਨੇ ਸਮਾਧੀ 'ਤੇ ਬੈਠ ਕੇ ਅਰਦਾਸ ਕੀਤੀ ਕਿ

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ॥*

ਹਜ਼ੂਰ ਸਾਡੇ ਵਰਗਾ ਇਸ ਦੁਨੀਆਂ ਵਿੱਚ ਦੀਨ ਹੋਰ ਕੋਈ ਨਹੀਂ ਹੈ ਅਤੇ ਤੁਹਾਡੇ ਵਰਗਾ ਦਿਆਲੂ ਕੋਈ ਨਹੀਂ ਹੈ। ਹੁਣ ਪਤੀਆਰ ਅਰਥਾਤ ਦੇਰੀ ਨਾ ਕਰਿਉ।

*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ॥੧॥*

ਹਜ਼ੂਰ ਹੁਣ ਮੇਰੇ ਉੱਪਰ ਪੂਰਨ ਬਖ਼ਸ਼ਿਸ਼ ਕਰੋ।

*ਹਉ ਬਲਿ ਬਲਿ ਜਾਉ ਰਮਈਆ ਕਾਰਨੇ॥*
*ਕਾਰਨ ਕਵਨ ਅਬੋਲ॥*
*ਬਹੁਤ ਜਨਮ ਬਿਛੁਰੇ ਥੇ ਮਾਧਉ*
*ਇਹੁ ਜਨਮੁ ਤੁਮ੍ਾਰੇ ਲੇਖੇ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ॥2॥ (ਅੰਗ 694)*

ਹਜ਼ੂਰ ਮੈਂ ਆਸ ਰੱਖ ਕੇ ਬੈਠਾ ਹਾਂ। ਮੇਰੇ ਉੱਪਰ ਕਿਰਪਾ ਕਰਕੇ ਮੈਨੂੰ ਦਰਸ਼ਨ ਬਖਸ਼ੋ। ਜਦੋਂ ਇਹ ਸਲੋਕ ਗਾਇਆ ਤਦ

ਇਤਿਹਾਸ ਦੱਸਦਾ ਹੈ ਕਿ ਉਹ ਮੂਰਤੀਆਂ ਗੰਗਾ ਦੇ ਪਾਰ ਪਾਣੀ ਉੱਪਰ ਤੈਰਦੀਆਂ ਹੋਈਆਂ ਚੱਲ ਕੇ ਆਈਆਂ ਅਤੇ ਆ ਕੇ ਚੰਦਨ ਦੀ ਚੌਂਕੀ ਤੇ ਬਿਰਾਜ਼ਮਾਨ ਹੋ ਗਈਆਂ। ਤਦ ਉਸ ਰਾਜੇ ਨੇ ਸਾਰੇ ਪੰਡਿਤਾਂ ਨੂੰ ਕਿਹਾ ਕਿ ਤੁਸੀਂ ਤਾਂ ਕਹਿੰਦੇ ਸੀ ਕਿ ਅਸੀਂ ਹੀ ਪੂਜਾ ਕਰਨ ਦੇ ਹੱਕਦਾਰ ਹਾਂ। ਜਦੋਂ ਮੂਰਤੀਆਂ ਆ ਕੇ ਬਿਰਾਜ਼ਮਾਨ ਹੋਈਆਂ ਤਾਂ ਸਾਰੀ ਦੁਨੀਆਂ ਢਹਿ ਕੇ ਗੁਰੂ ਰਵਿਦਾਸ ਜੀ ਦੇ ਚਰਨੀ ਪਈ। ਰਾਜੇ ਨੇ ਹਾਥੀ ਮੰਗਵਾਏ ਉਸ ਸਮੇਂ ਅਨੁਸਾਰ ਸੋਨੇ ਦੇ ਛਤਰ ਮੰਗਵਾਏ ਗਏ। ਫੇਰ ਉਹਨਾਂ ਨੇ ਗੁਰੂ ਰਵਿਦਾਸ ਜੀ ਨੂੰ ਹਾਥੀ ਉੱਪਰ ਬਿਠਾ ਕੇ ਸੋਨੇ ਦੇ ਛਤਰ ਝੁਲਾ ਕੇ ਸਾਰੇ ਸ਼ਹਿਰ ਵਿੱਚ ਸ਼ੋਭਾ ਲਈ ਪਰਕਰਮਾ ਕਰਨ ਵਾਸਤੇ ਕਿਹਾ ਗਿਆ ਤਾਂ ਕਿ ਗੁਰੂ ਰਵਿਦਾਸ ਜੀ ਦੀ ਸ਼ੋਭਾ ਹੋਵੇ। ਉਸ ਨੂੰ ਸ਼ੋਭਾ ਯਾਤਰਾ ਕਹਿ ਕੇ ਪੁਕਾਰਿਆ ਗਿਆ। ਜਦੋਂ ਗੁਰੂ ਰਵਿਦਾਸ ਜੀ ਹਾਥੀ ਉੱਪਰ ਬਿਰਾਜ਼ਮਾਨ ਹੋਏ ਤਦ ਉਹਨਾਂ ਨੇ ਸ਼ਬਦ ਉਚਾਰਨ ਕੀਤਾ

*ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥*
*ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥੧॥ ਰਹਾਉ ॥*
*ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਂਹੀ ਢਰੈ ॥*
*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥੧॥*
*ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥*
*(ਅੰਗ 1106)*

ਰਵਿਦਾਸ ਜੀ ਮਹਾਰਾਜ ਫ਼ੁਰਮਾਨ ਕਰ ਰਹੇ ਹਨ ਕਿ ਸੰਤ ਨਾਮਦੇਵ ਜੀ ਛੀਂਬੇ ਸਨ, ਸੰਤ ਕਬੀਰ ਸਾਹਿਬ ਜੁਲਾਹੇ ਸਨ, ਭਗਤ ਤਿਲੋਚਨ ਜੀ ਪੰਡਿਤ ਸਨ, ਭਗਤ ਸਧਨਾ ਜੀ ਕਸਾਈ ਸਨ, ਭਗਤ ਸੈਨ ਜੀ ਨਾਈ ਸਨ। ਉਹ ਮਾਲਿਕ ਇਹ ਨਹੀਂ ਦੇਖਦੇ ਕਿ ਜੀਵ ਕਿਸ ਜਾਤੀ ਵਿੱਚੋਂ ਹੈ

*ਕਹਿ ਰਵਿਦਾਸੁ ਸੁਨਹੁ ਰੇ ਸੰਤਹੁ*
*ਹਰਿ ਜੀਉ ਤੇ ਸਭੈ ਸਰੈ ॥2॥ (ਅੰਗ 1106)*

ਉਹ ਹਰੀ ਸਾਰਿਆਂ ਦਾ ਕਾਰਜ ਸਵਾਰਦੇ ਹਨ। ਸਭ ਦਾ ਉਧਾਰ ਕਰਦੇ ਹਨ। ਤਦ ਉਸ ਦਿਨ ਤੋਂ ਸਾਰੀ ਦੁਨੀਆਂ ਵਿੱਚ ਅੱਜ ਤੱਕ ਮੁਸਲਮਾਨ ਤਾਜੀਏ ਕੱਢਦੇ ਹਨ, ਹਿੰਦੂ ਸ਼ੋਭਾ ਯਾਤਰਾ, ਰਾਮ ਨਵਮੀ ਅਤੇ ਜਨਮ ਅਸ਼ਟਮੀ 'ਤੇ ਕੱਢਦੇ ਹਨ। ਸਿੱਖ ਮੱਤ ਵਾਲੇ ਨਗਰ ਕੀਰਤਨ ਕੱਢਦੇ ਹਨ। ਸਾਰੇ ਹੀ ਉਸ ਤਾਕਤ ਦੀ ਸ਼ੋਭਾ ਉਪਮਾ ਕਰਨ ਲਈ ਕੱਢਦੇ ਹਨ। ਕੱਲ ਸਾਰੀ ਸੰਗਤ ਅਤੇ ਅਸੀਂ ਵੀ ਸ਼ੋਭਾ ਯਾਤਰਾ ਵਿੱਚ ਗਏ। ਜੋ ਵੀ ਜੀਵ ਪੂਰਨ ਤਾਕਤਾਂ ਦੀ ਸ਼ੋਭਾ ਯਾਤਰਾ ਵਿੱਚ ਸ਼ਾਮਿਲ ਹੁੰਦੇ ਹਨ, ਹਜ਼ੂਰ ਉਹਨਾਂ ਨੂੰ ਖੁਸ਼ੀਆਂ ਬਖਸ਼ਦੇ ਹਨ। ਸੋਈ ਕੱਲ ਸ਼ੋਭਾ ਯਾਤਰਾ ਵਿੱਚ ਜਿਸ ਜਿਸ ਪ੍ਰਾਣੀ ਨੇ ਵੀ ਭਾਗ ਲਿਆ ਗੁਰੂ ਰਵਿਦਾਸ ਜੀ ਮਹਾਰਾਜ ਉਹਨਾਂ ਉੱਪਰ ਕਿਰਪਾ ਕਰਨ। ਜੋ ਡਿਊਟੀਆਂ ਜਾਂ ਕੰਮਾਂ ਕਰਕੇ ਨਹੀਂ ਵੀ ਆ ਸਕੇ। ਪਰ ਜੇਕਰ ਤੁਹਾਡੇ ਕੋਲੋਂ ਨਹੀਂ ਆਇਆ ਜਾ ਸਕਦਾ ਤਦ ਘਰ ਬੈਠੇ ਹੀ ਬੇਨਤੀ ਕਰ ਦਿਆ ਕਰੋ ਕਿ ਸੱਚੇ ਪਾਤਿਸ਼ਾਹੋ ਤੁਹਾਡੀ ਡਿਊਟੀ ਹੈ, ਤੁਹਾਡਾ ਕੰਮ ਹੈ। ਕੰਮ ਪਰਿਵਾਰਿਕ ਜਾਂ ਖੇਤੀਬਾੜੀ ਦੇ ਵੀ ਹੋ ਸਕਦੇ ਹਨ। ਉਹ ਹਜ਼ੂਰ

*ਵਿਣੁ ਬੋਲਿਆ ਸਭੁ ਕਿਛੁ ਜਾਣਦਾ*
*ਕਿਸੁ ਆਗੈ ਕੀਚੈ ਅਰਦਾਸਿ ॥ (ਅੰਗ 1420)*

ਉਹ ਸਤਿਗੁਰ ਬਿਨਾਂ ਬੋਲਣ ਤੋਂ ਵੀ ਅਰਦਾਸ ਸੁਣਦੇ ਹਨ। ਸੋਈ ਗੁਰੂ ਰਵਿਦਾਸ ਜੀ ਮਹਾਰਾਜ ਦੇ 633ਵੇਂ ਅਵਤਾਰ ਪੁਰਬ ਦੀ ਆਈ ਸੰਗਤ ਨੂੰ, ਸਾਰੇ ਦੇਸ਼ ਵਾਸੀਆਂ ਨੂੰ ਸਾਰੀ ਕਾਇਨਾਤ ਨੂੰ ਲੱਖ-ਲੱਖ ਵਧਾਈ ਹੋਵੇ। ਹਜ਼ੂਰ ਕਿਰਪਾ ਕਰਨ, ਬਖ਼ਸ਼ਿਸ਼ ਕਰਨ, ਦਇਆ ਕਰਨ, ਰਹਿਮਤ ਕਰਨ, ਖੁਸ਼ੀਆ ਖੇੜੇ ਬਖ਼ਸ਼ਣ। ਅੱਗੇ ਲਈ ਵੀ ਉੱਦਮ, ਬਲ, ਸਮਰੱਥਾ ਬਖਸ਼ਣ ਕਿ ਹਰ ਸਾਲ ਇਸੇ ਤਰ੍ਹਾਂ ਹੀ ਅਖੰਡ ਪਾਠ ਕਰਵਾ ਕੇ ਸਤਿਸੰਗ ਕੀਤਾ ਜਾਵੇ। ਗੁਰੂ ਰਵਿਦਾਸ ਜੀ ਮਹਾਰਾਜ ਦੇ 633ਵੇਂ ਅਵਤਾਰ ਪੁਰਬ ਦੀਆਂ ਖੁਸ਼ੀਆਂ ਲੈਣ ਲਈ ਬੀਬੀ ਮਹਿੰਦਰ ਕੌਰ ਸੁਪਤਨੀ ਸਰਦਾਰ ਕਸ਼ਮੀਰਾ ਸਿੰਘ ਰਿਆੜ ਰੂਪ ਨਗਰ ਜਲੰਧਰ ਨੇ ਆਪਣੇ ਪਰਿਵਾਰ ਅਤੇ ਸੰਗਤ ਨਾਲ ਮਿਲ ਕੇ ਜੋ ਅਖੰਡ ਪਾਠ ਕਰਵਾਇਆ ਅਤੇ ਭੋਗ ਉਪਰੰਤ ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਉਚਾਰਨ ਕੀਤੇ ਮਹਾਂਵਾਕ ਵਿੱਚੋਂ ਹੁਕਮਨਾਮਾ ਆਇਆ ਹੈ। ਹੁਣ ਹਜ਼ੂਰ ਪਹਿਲੇ ਪਾਤਿਸ਼ਾਹ ਆਏ ਹੁਕਮਨਾਮੇ ਵਿੱਚ ਜੋ ਭੇਦ ਬਖ਼ਸ਼ ਰਹੇ ਹਨ ਉਹ ਆਪਾਂ ਸਾਰੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*
*(ਅੰਗ 1395)*

ਸਾਡੇ ਹਿੱਤ ਵਾਸਤੇ ਭੇਦ ਬਖ਼ਸ਼ ਰਹੇ ਹਨ ਕਿ ਐ ਦੁਨੀਆਂ ਵਾਲਿਓ! ਜੋ ਕੁਝ ਮਾਲਿਕ ਨੇ ਕੀਤਾ ਹੈ ਉਹੋ ਹੀ ਸਹੀ ਹੈ। ਅਸੀਂ ਕਈ ਵਾਰ ਕਹਿੰਦੇ ਹਾਂ ਕਿ ਅਸੀਂ ਇਹ ਕੰਮ ਕਰਨਾ ਸੀ ਪਰ ਹਜ਼ੂਰ ਜੋ ਕਰਦੇ ਹਨ ਉਹ ਠੀਕ ਕਰਦੇ ਹਨ। ਪਰ ਅਸੀਂ ਜੋ ਅੰਮ੍ਰਿਤ ਅਤੇ ਨਾਮ ਦੀ ਪ੍ਰਾਪਤੀ ਚਾਹੁੰਦੇ ਹਾਂ ਉਹ ਸਤਿਗੁਰ ਤੋਂ ਬਗੈਰ ਪ੍ਰਾਪਤ ਨਹੀਂ ਹੋ ਸਕਦੀ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜੀਵ ਚਾਹੇ ਕਿੰਨਾ ਵੀ ਭਗਤ ਹੋਵੇ, ਤਪੱਸਿਆ ਕਰੇ ਜਿਵੇਂ ਸ਼ੇਖ ਫਰੀਦ ਸਾਹਿਬ ਜੀ ਨੇ ਬਾਰਾਂ ਸਾਲ ਪੱਤੇ ਖਾਧੇ, ਬਾਰਾਂ ਸਾਲ ਲੱਕੜ ਦੀ ਰੋਟੀ ਨੂੰ ਚੱਕ ਮਾਰੇ, ਬਾਰਾਂ ਸਾਲ ਖੂਹ ਵਿੱਚ ਲਟਕੇ ਰਹੇ। ਜਦੋਂ ਤੱਕ ਉਹ ਹਜਰਤ ਕੁਤੁਬਦੀਨ ਜੀ ਦੀ ਸੰਗਤ ਵਿੱਚ ਨਹੀਂ ਗਏ ਸੀ ਉਹਨਾਂ ਨੂੰ ਦਾਤ ਪ੍ਰਾਪਤ ਨਹੀਂ ਸੀ ਹੋਈ। ਇਸੇ ਤਰ੍ਹਾਂ ਜਿੰਨੀਆਂ ਵੀ ਪੂਰਨ ਤਾਕਤਾਂ ਹੋਈਆਂ ਹਨ ਉਹਨਾਂ ਨੂੰ ਦਾਤਾਂ ਆਪਣੇ ਸਤਿਗੁਰ ਤੋਂ ਮਿਲੀਆਂ ਹਨ। ਭਾਈ ਲਹਿਣਾ

ਜੀ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਸੰਗਤ ਵਿੱਚ ਗਏ। ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੰਗਤ ਵਿੱਚ ਗਏ।

*ਬਦਹੁ ਕੀ ਹੋਡ ਮਾਧਉ ਮੋ ਸਿਉ ॥*

*ਠਾਕੁਰ ਤੇ ਜਨੁ ਜਨ ਤੇ ਠਾਕੁਰੁ*

*ਖੇਲੁ ਪਰਿਓ ਹੈ ਤੋ ਸਿਉ ॥੧॥ (ਅੰਗ 1252)*

ਜੋ ਵੀ ਜਨ ਠਾਕੁਰ ਦੇ ਪਾਸ ਗਿਆ ਉਸ ਨੂੰ ਠਾਕੁਰ ਨੇ ਆਪਣਾ ਰੂਪ ਬਖ਼ਸ਼ ਦਿੱਤਾ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅਗਰ ਕੋਈ ਜੀਵ ਨਾਮ ਦੀ ਅੰਮ੍ਰਿਤ ਦੀ ਪ੍ਰਾਪਤੀ ਚਾਹੁੰਦਾ ਹੈ ਉਸ ਨੂੰ ਕੇਵਲ ਸਤਿਗੁਰ ਦੀ ਸੰਗਤ ਵਿੱਚੋਂ ਹੀ ਇਹ ਪ੍ਰਾਪਤੀ ਹੋ ਸਕਦੀ ਹੈ।

**ਹਿਰਦੈ ਨਾਮੁ ਨਾਹੀ ਮਨਿ ਭੰਗੁ ॥**

**ਅਨਦਿਨੁ ਨਾਲਿ ਪਿਆਰੇ ਸੰਗੁ ॥੧॥**

ਉਸ ਜੀਵ ਦੇ ਹਿਰਦੇ ਵਿੱਚ ਹਮੇਸ਼ਾਂ ਗੁਰਬਾਣੀ ਲਈ ਤੜਪ ਰਹੇ, ਗੁਰਬਾਣੀ ਦਾ ਪਿਆਰ, ਭਾਵ ਰਹੇ। ਮਨ ਕਦੇ ਬੇ-ਭਾਵ ਨਾ ਹੋਵੇ ਕਦੇ ਡੋਲੇ ਨਾ। ਹਮੇਸ਼ਾਂ ਉਹ ਆਪਣੇ ਪ੍ਰੀਤਮ, ਪਿਆਰੇ ਨਾਲ, ਗੁਰਬਾਣੀ ਨਾਲ, ਸੰਤਾਂ ਨਾਲ ਜੁੜਿਆ ਰਹੇ ਅਤੇ ਬੇਨਤੀ ਕਰੇ

*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ। (ਅੰਗ 256)*

**ਹਰਿ ਜੀਉ ਰਾਖਹੁ ਅਪਨੀ ਸਰਣਾਈ ॥**

ਪਰ ਕੋਈ ਵੀ ਜੀਵ ਸੰਗਤ ਵਿੱਚ ਨਹੀਂ ਰਹਿ ਸਕਦਾ। ਕੋਈ ਵੀ ਜੀਵ ਭਾਵ ਵਿੱਚ ਨਹੀਂ ਰਹਿ ਸਕਦਾ, ਕੋਈ ਜੀਵ ਡੋਲਣ ਤੋਂ ਨਹੀਂ ਬਚ ਸਕਦਾ। ਉਸ ਦੀ ਇੱਕੋ ਜੁਗਤੀ ਹੈ ਕਿ ਮਾਲਿਕ ਕੋਲ ਬੇਨਤੀ ਕਰੋ ਕਿ ਹਜ਼ੂਰ ਸਾਨੂੰ ਆਪਣੀ ਸ਼ਰਨ ਵਿੱਚ ਰੱਖੋ। ਜਦੋਂ ਤੱਕ ਮਾਲਿਕ ਕਿਰਪਾ ਨਹੀਂ ਕਰਨਗੇ ਉਦੋਂ ਤੱਕ ਜੀਵ ਸ਼ਰਨ ਵਿੱਚ ਨਹੀਂ ਰਹਿ ਸਕਦਾ। ਜੀਵ ਡੋਲ ਜਾਂਦਾ ਹੈ।

**ਗੁਰ ਪਰਸਾਦੀ ਹਰਿ ਰਸੁ ਪਾਇਆ**

**ਨਾਮੁ ਪਦਾਰਥੁ ਨਉ ਨਿਧਿ ਪਾਈ ॥੧॥ ਰਹਾਉ ॥**

ਜਦੋਂ ਜੀਵ ਗੁਰਬਾਣੀ ਨੂੰ ਸਤਿ ਕਰ ਕੇ ਮੰਨਦਾ ਹੈ।

*ਗੁਰ ਕੇ ਬਚਨ ਸਤਿ ਸਤਿ ਕਰਿ ਮਾਨੇ*

*ਮੇਰੇ ਠਾਕੁਰ ਬਹੁਤ ਪਿਆਰੇ ॥ (ਅੰਗ 982)*

ਜੋ ਜੀਵ ਗੁਰਬਾਣੀ ਨੂੰ ਸਤਿ ਕਰਕੇ ਮੰਨਦੇ ਹਨ ਉਹੋ ਹੀ ਦਾਤ ਪ੍ਰਾਪਤ ਕਰਦੇ ਹਨ। ਹਜ਼ੂਰ ਉਹਨਾਂ ਨੂੰ ਦੁਨੀਆਂ ਦੇ ਸਾਰੇ ਪਦਾਰਥ ਬਖਸ਼ਦੇ ਹਨ।

**ਕਰਮ ਧਰਮ ਸਚੁ ਸਾਚਾ ਨਾਉ ॥**

**ਤਾ ਕੈ ਸਦ ਬਲਿਹਾਰੈ ਜਾਉ ॥**

ਕਰਮ ਬਹੁਤ ਉੱਤਮ ਚੀਜ ਹੈ। ਧਰਮ ਬਹੁਤ ਠੀਕ ਹੈ। ਜੋ ਜੀਵ ਧਰਮਾਤਮਾ ਹਨ, ਕਰਮਕਾਂਡ ਕਰਦੇ ਹਨ ਉਹ ਬਹੁਤ ਉੱਚੀ ਸੋਚ ਰੱਖਦੇ ਹਨ। ਪਰ ਇਸ ਤੋਂ ਉੱਪਰ ਨਾਮ ਹੈ। ਸੰਤਾਂ ਨੇ ਗੁਰਬਾਣੀ ਵਿੱਚ ਦਰਜ ਕੀਤਾ ਹੈ ਕਿ

*ਕਰਮ ਧਰਮ ਪਾਖੰਡ ਜੋ ਦੀਸਹਿ*

*ਤਿਨ ਜਮੁ ਜਾਗਾਤੀ ਲੂਟੈ ॥*

*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ*

*ਨਿਮਖ ਸਿਮਰਤ ਜਿਤੁ ਛੂਟੈ ॥ (ਅੰਗ 747)*

ਕਰਮਕਾਂਡ ਵੀ ਉੱਚੇ ਸੁੱਚੇ ਹਨ, ਧਰਮ ਵੀ ਵਧੀਆ ਹਨ। ਪਰ ਇਹਨਾਂ ਤੋਂ ਉੱਪਰ ਨਾਮ ਹੈ। ਜਿੱਥੇ ਨਾਮ ਆ ਜਾਂਦਾ ਹੈ ਉਸ ਦੇ ਸਾਰੇ ਕਰਮ ਠੀਕ ਹੋ ਜਾਂਦੇ ਹਨ। ਜੋ ਜੀਵ ਗੁਰਬਾਣੀ ਨਾਲ ਜੁੜ ਜਾਂਦੇ ਹਨ ਹਜ਼ੂਰ ਉਹਨਾਂ ਦੇ ਕਰਮ ਆਪਣੇ ਆਪ ਠੀਕ ਕਰ ਦਿੰਦੇ ਹਨ ਅਤੇ ਸਹੀ ਧਰਮ ਦੇ ਮਾਰਗ ਉੱਪਰ ਚੱਲਣ ਦੀ ਵੀ ਸੋਝੀ ਬਖਸ਼ਦੇ ਹਨ।

**ਜੋ ਹਰਿ ਰਾਤੇ ਸੇ ਜਨ ਪਰਵਾਣੁ ॥**

**ਤਿਨ ਕੀ ਸੰਗਤਿ ਪਰਮ ਨਿਧਾਨੁ ॥2 ॥**

ਜਿਹੜੇ ਹਰੀ ਦੇ ਨਾਮ ਨਾਲ ਰੰਗੇ ਜਾਂਦੇ ਹਨ ਉਹਨਾਂ ਦੀ ਸੰਗਤ ਕਰਨੀ ਵੀ ਬਹੁਤ ਭਾਗਾਂ ਵਾਲੀ ਗੱਲ ਹੁੰਦੀ ਹੈ, ਉੱਤਮ ਹੁੰਦੀ ਹੈ।

**ਹਰਿ ਵਰੁ ਜਿਨਿ ਪਾਇਆ ਧਨ ਨਾਰੀ ॥**

**ਹਰਿ ਸਿਉ ਰਾਤੀ ਸਬਦੁ ਵੀਚਾਰੀ ॥**

ਹੁਣ ਆਪਾਂ ਜਿੰਨੇ ਵੀ ਇਸਤਰੀਆਂ ਅਤੇ ਪੁਰਸ਼ ਬੈਠੇ ਹਾਂ। ਦੁਨਿਆਵੀ ਤੌਰ ਤੇ ਇਸਤਰੀਆਂ ਆਪਣੇ ਪਤੀ ਨੂੰ ਵਰ ਮੰਨਦੀਆਂ ਹਨ। ਪਰੰਤੂ ਗੁਰਬਾਣੀ ਅਨੁਕੂਲ ਚਾਹੇ ਕੋਈ ਪੁਰਸ਼ ਹੈ ਜਾਂ ਇਸਤਰੀ ਹੈ ਅਸੀਂ ਸਾਰੀਆਂ ਸੁਰਤਾਂ ਹਾਂ ਅਤੇ ਉਹ ਮਾਲਿਕ ਸਾਡੇ ਪਤੀ ਹਨ। ਸਭ ਤੋਂ ਉੱਤਮ ਜੀਵ ਉਹ ਹੈ ਜਿਸ ਨੂੰ ਹਰੀ ਦੇ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ। ਪੂਰਨ ਤਾਕਤ ਅਗਰ ਕਿਸੇ ਨੂੰ ਪਿਆਰ ਬਖ਼ਸ਼ਦੇ ਹਨ, ਪਿਆਰ ਕਰਦੇ ਹਨ ਤਾਂ ਉਸ ਤੋਂ ਉੱਤਮ ਹੋਰ ਕੋਈ ਦਾਤ ਨਹੀਂ ਹੈ।

**ਆਪਿ ਤਰੈ ਸੰਗਤਿ ਕੁਲ ਤਾਰੈ ॥**

**ਸਤਿਗੁਰੁ ਸੇਵਿ ਤਤੁ ਵੀਚਾਰੈ ॥੩॥**

ਉਹ ਆਪ ਵੀ ਤਰ ਜਾਂਦੇ ਹਨ ਅਤੇ ਸੰਗਤ ਨੂੰ ਵੀ ਤਾਰ ਦਿੰਦੇ ਹਨ ਪਰ ਸ਼ਰਤ ਇਹ ਹੈ ਕਿ ਉਹ ਸੱਚ ਉੱਪਰ ਵੀਚਾਰ ਕਰਨ। ਐਸਾ ਨਾ ਹੋਵੇ ਕਿ ਲਿਬਾਸ ਪਾ ਕੇ ਸੰਤ, ਮਹਾਪੁਰਸ਼ ਬਣ ਜਾਣ। ਅਸੀਂ ਹਰ ਦਫਾ ਕਹਿੰਦੇ ਹਾਂ ਕਿ ਸੰਤ, ਮਹਾਪੁਰਸ਼, ਬਾਬੇ ਬਣਨਾ ਬਹੁਤ ਸੌਖਾ ਹੈ ਪਰ ਇੱਕ ਸੱਚਾ ਇਨਸਾਨ, ਸੱਚਾ ਗੁਰਸਿੱਖ ਬਣਨਾ ਬਹੁਤ ਔਖਾ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜੋ ਐਸੀ ਰਹਿਣੀ ਵਿੱਚ ਰਹਿੰਦੇ ਹਨ ਉਹ ਆਪ ਤਾਂ ਕੀ ਕੁਲਾਂ ਦਾ ਵੀ ਉਧਾਰ ਕਰ ਦਿੰਦੇ ਹਨ ਅਤੇ ਨਾਲ ਸੰਗਤ ਦਾ ਵੀ ਪਾਰ ਉਤਾਰਾ ਕਰ ਦਿੰਦੇ ਹਨ।

**ਹਮਰੀ ਜਾਤਿ ਪਤਿ ਸਚੁ ਨਾਉ॥**

**ਕਰਮ ਧਰਮ ਸੰਜਮੁ ਸਤ ਭਾਉ॥**

ਜਦੋਂ 1965 ਵਿੱਚ ਐਮਰਜੈਂਸੀ ਲੱਗੀ ਸੀ ਤਦ ਹਿੰਦੁਸਤਾਨ ਦੀ ਸਰਕਾਰ ਨੇ ਉਸ ਨੂੰ ਦਬਾਉਣ ਦੀ ਬਹੁਤ ਕੋਸ਼ਿਸ਼ ਕੀਤੀ ਸੀ। ਅਸੀਂ ਆਪਣੇ ਹਜ਼ੂਰ ਨੂੰ ਬੇਨਤੀ ਕੀਤੀ ਤਦ ਉਹਨਾਂ ਨੇ ਫੁਰਮਾਇਆ ਸੀ ਕਿ ਐਮਰਜੈਂਸੀ ਨਾਲ ਸਰਕਾਰ ਨੇ ਲੋਕਾਂ ਨੇ ਦਬਾ ਨਹੀਂ ਸਕਣਾ, ਲੋਕਾਂ ਦੀ ਫਤਹਿ ਹੋਣੀ ਹੈ। ਸਰਕਾਰ ਨੂੰ ਝੁਕਣਾ ਪੈਣਾ ਹੈ। ਅਸੀਂ ਪੁੱਛਿਆ ਕਿ ਹਜ਼ੂਰ ਇਸ ਦਾ ਕੀ ਰਾਜ਼ ਹੈ? ਅਸੀਂ ਪਹਿਲਾਂ ਹਜ਼ੂਰ ਨੂੰ ਬੇਨਤੀ ਕੀਤੀ ਸੀ ਕਿ ਜਿੰਨੇ ਵੀ ਸਿੱਖ ਗ੍ਰਿਫਤਾਰੀਆਂ ਦੇ ਰਹੇ ਹਨ ਉਹਨਾਂ ਵਿੱਚ ਚਾਹੇ ਕੋਈ ਸੰਤ ਰਾਮ ਸੀ ਜਾਂ ਸੰਤ ਸਿੰਘ ਸੀ, ਚਾਹੇ ਗੋਬਿੰਦ ਰਾਮ ਸੀ ਜਾਂ ਗੋਬਿੰਦ ਸਿੰਘ ਸੀ। ਚਾਹੇ ਰਾਮ ਸਿੰਘ ਜੀ ਜਾਂ ਰਾਮਦਾਸ ਸੀ। ਸਭ ਨੇ ਆਪਣਾ ਨਾਮ ਲਿਖਵਾਇਆ ਕਿ ਸੰਤ ਰਾਮ ਸਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਪਿੰਡ ਅਤੇ ਡਾਕਖਾਨਾ ਅਨੰਦਪੁਰ, ਜਿਲ੍ਹਾ ਰੋਪੜ। ਸਾਡੇ ਕੋਲ ਗ੍ਰਿਫਤਾਰੀ ਦੇ ਜਿੰਨੇ ਵੀ ਨਾਮ ਆਉਂਦੇ ਸੀ ਇਹੋ ਐਡਰੈੱਸ ਆਉਂਦਾ ਸੀ। ਅਸੀਂ ਹਜ਼ੂਰ ਨੂੰ ਬੇਨਤੀ ਕੀਤੀ ਕਿ ਇਸ ਤਰ੍ਹਾਂ ਦੇ ਐਡਰੈੱਸ ਆ ਰਹੇ ਹਨ। ਹਜ਼ੂਰ ਨੇ ਬਚਨ ਛੱਡੇ ਕਿ ਫੇਰ ਇਹ ਲੋਕ ਜਿੱਤ ਗਏ, ਇਹਨਾਂ ਦੀ ਫਤਹਿ ਹੋ ਗਈ ਸਮਝੋ। ਕਿਉਂਕਿ ਦਸਵੇਂ ਪਾਤਿਸ਼ਾਹ ਅਜਿੱਤ ਹਨ। ਉਹਨਾਂ ਨੂੰ ਕੋਈ ਹਰਾ ਨਹੀਂ ਸਕਦਾ। ਇਹ ਸਾਰੇ ਹਜ਼ੂਰ ਦੇ ਬੱਚੇ ਬਣੇ ਹਨ ਇਹਨਾਂ ਦੀ ਜਿੱਤ ਹੋਣੀ ਹੀ ਹੈ। ਆਖਿਰਕਾਰ ਕਾਂਗਰਸ ਦੀ ਮਨਿਸਟਰੀ ਟੁੱਟੀ, ਇੰਦਰਾ ਗਾਂਧੀ ਦੀ ਹਾਰ ਹੋਈ ਅਤੇ ਸੈਂਟਰ ਵਿੱਚ ਸਾਂਝੇ ਮੋਰਚੇ (ਜਨਤਾ ਪਾਰਟੀ) ਦੀ ਸਰਕਾਰ ਬਣੀ। ਜਦੋਂ ਅਸੀਂ ਜਾਤ ਪਾਤ ਤੋਂ ਉੱਪਰ ਉੱਠ ਕੇ ਇੱਕ ਮਾਲਿਕ ਦੇ ਬੱਚੇ ਬਣ ਜਾਂਦੇ ਹਾਂ ਫੇਰ ਕੋਈ ਆਂਚ ਨਹੀਂ ਆਉਂਦੀ।

*ਬਿਸਰਿ ਗਈ ਸਭ ਤਾਤਿ ਪਰਾਈ॥*
*ਜਬ ਤੇ ਸਾਧਸੰਗਤਿ ਮੋਹਿ ਪਾਈ॥੧॥ ਰਹਾਉ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ॥੧॥ (ਅੰਗ 1299)*

ਉੱਥੇ ਫੇਰ ਅਕਾਲ ਪੁਰਖ ਵਾਹਿਗੁਰੂ, ਗੋਬਿੰਦ, ਰਾਮ, ਅੱਲਾਹ, ਗਾਡ, ਸਾਰੀਆਂ ਸ਼ਕਤੀਆਂ ਆ ਕੇ ਜੀਵ ਦੀ ਸਹਾਇਤਾ ਕਰਦੀਆਂ ਹਨ।

**ਨਾਨਕ ਬਖਸੇ ਪੂਛ ਨ ਹੋਇ॥**

**ਦੂਜਾ ਮੇਟੇ ਏਕੋ ਸੋਇ॥੪॥**

ਜੇਕਰ ਜੀਵ ਕੋਲੋਂ ਕੋਈ ਗਲਤੀ ਜਾਂ ਭੁੱਲ ਹੋ ਜਾਂਦੀ ਹੈ, ਪਰ ਹਜ਼ੂਰ ਉਸ ਜੀਵ ਨੂੰ ਮੁਆਫ਼ ਕਰ ਦੇਣ ਫੇਰ ਉਸ ਨੂੰ ਕੋਈ ਆਂਚ ਨਹੀਂ ਆ ਸਕਦੀ। ਜਿਸ ਨੂੰ ਅਕਾਲ ਪੁਰਖ ਵਾਹਿਗੁਰੂ ਧੁਰ ਕੀ ਬਾਣੀ, ਅੱਲਾਹ, ਗਾਡ, ਰਾਮ ਕਿਸੇ ਗਲਤੀ ਦੀ ਮਾਫ਼ੀ ਦੇ ਦੇਣ ਉਸ ਨੂੰ ਥੱਲੇ ਵਾਲਾ ਕੋਈ ਵੀ ਹਾਕਮ ਕੁਝ ਨਹੀਂ ਕਹਿ ਸਕਦਾ। ਅਗਰ ਹਿੰਦੁਸਤਾਨ ਦਾ ਬਾਦਸ਼ਾਹ ਕਿਸੇ ਨੂੰ ਮੁਆਫ਼ੀ ਦੇ ਦਿੰਦਾ ਹੈ ਤਦ ਥੱਲੇ ਵਾਲੇ ਸੂਬੇਦਾਰ ਵਗੈਰਾ ਸਾਰੇ ਹੀ ਉੱਥੇ ਚੁੱਪ ਕਰ ਜਾਂਦੇ ਹਨ। ਸੰਤਾਂ ਨੇ ਫ਼ੁਰਮਾਇਆ ਹੈ ਕਿ

*ਸਜਣੁ ਸਚਾ ਪਾਤਿਸਾਹੁ*
*ਸਿਰਿ ਸਾਹਾਂ ਦੈ ਸਾਹੁ॥*
*ਜਿਸੁ ਪਾਸਿ ਬਹਿਠਿਆ ਸੋਹੀਐ*
*ਸਭਨਾਂ ਦਾ ਵੇਸਾਹੁ॥22॥ (ਅੰਗ 1426)*

ਉਹ ਤਾਕਤ ਸ਼ਹਿਨਸ਼ਾਹਾਂ ਦੀ ਸ਼ਹਿਨਸ਼ਾਹ ਹੈ। ਜੋ ਜੀਵ ਗੁਰਬਾਣੀ ਦੁਆਰਾ ਬਖਸ਼ੇ ਜਾਂਦੇ ਹਨ ਉਹਨਾਂ ਦੀਆਂ ਭੁੱਲਾਂ ਬਖਸ਼ੀਆਂ ਜਾਂਦੀਆਂ ਹਨ। ਫੇਰ ਉਹਨਾਂ ਨੂੰ ਕੋਈ ਆਂਚ ਨਹੀਂ ਆ ਸਕਦੀ। ਇਸੇ ਪ੍ਰਥਾਇ ਰਾਜੇ ਮਹਾਰਾਜੇ ਪੀਰ ਪੈਗੰਬਰ ਜਿੰਨੇ ਵੀ ਇਥੇ ਆਏ ਹਨ ਪਿੱਛੇ ਆਏ ਸੀ ਜਾਂ ਹੁਣ ਹਨ ਉਹ ਸ਼ਕਤੀ ਹੁੰਦਿਆਂ ਹੋਇਆਂ ਵੀ ਜਾ ਕੇ ਸਮਰੱਥ ਤਾਕਤ ਦੇ ਅੱਗੇ ਸਿਜਦੇ ਕਰਦੇ, ਸਿਰ ਝੁਕਾਉਂਦੇ ਹਨ, ਅਰਦਾਸਾਂ ਕਰਦੇ ਹਨ ਅਤੇ ਉਹ ਅਰਦਾਸਾਂ ਮਾਲਿਕ ਸੁਣਦੇ ਹਨ। ਜਿਸ ਦੀ ਅਰਦਾਸਾਂ ਸੁਣ ਕੇ ਮਾਲਿਕ ਉਸ ਨੂੰ ਬਖ਼ਸ਼ ਦਿੰਦੇ ਹਨ ਫੇਰ ਉਸ ਜੀਵ ਨੂੰ ਕੋਈ ਆਂਚ ਨਹੀਂ ਆ ਸਕਦੀ।

*ਜਿਸ ਨੋ ਬਖਸੇ ਸਿਫਤਿ ਸਾਲਾਹ॥*
*ਨਾਨਕ ਪਾਤਿਸਾਹੀ ਪਾਤਿਸਾਹੁ॥੨੫॥ (ਅੰਗ 5)*

ਜਿਸ ਨੂੰ ਮਾਲਿਕ ਆਪਣੀ ਸਿਫਤ ਬਖਸ਼ ਦਿੰਦੇ ਹਨ ਉਸ ਨੂੰ ਬਾਦਸ਼ਾਹਾਂ ਦੀ ਬਾਦਸ਼ਾਹੀ ਬਖਸ਼ ਦਿੰਦੇ ਹਨ।

ਹਜ਼ੂਰ ਕਿਰਪਾ, ਦਇਆ, ਬਖਸ਼ਿਸ਼ ਕਰਨ। ਜਿਸ ਸ਼ੁਭ ਭਾਵ ਨੂੰ ਮੁੱਖ ਰੱਖ ਕੇ ਬੀਬੀ ਮਹਿੰਦਰ ਕੌਰ ਸੁਪਤਨੀ ਸਰਦਾਰ ਕਸ਼ਮੀਰਾ ਸਿੰਘ ਜੀ ਰਿਆੜ ਵਾਸੀ ਰੂਪ ਨਗਰ, ਜਲੰਧਰ ਨੇ ਗੁਰੂ ਰਵਿਦਾਸ ਜੀ ਮਹਾਰਾਜ ਦੇ 633ਵੇਂ ਅਵਤਾਰ ਪੁਰਬ ਦੀਆਂ ਖੁਸ਼ੀਆਂ ਲੈਂਦੇ ਹੋਏ ਆਪਣੇ ਪਰਿਵਾਰ ਤਥਾ ਸਾਰੀ ਸੰਗਤ ਨਾਲ ਮਿਲ ਕੇ ਪਰਸੋਂ ਤੋਂ ਧੁਰ ਕੀ ਬਾਣੀ ਦਾ ਓਟ ਆਸਰਾ ਲੈਂਦੇ ਹੋਏ ਅਖੰਡ ਪਾਠ ਰਖਵਾਇਆ ਸੀ, ਆਏ ਹੁਕਮਨਾਮੇ ਵਿੱਚ ਯਸ਼ ਹੋਇਆ। ਹਜ਼ੂਰ ਕਿਰਪਾ ਕਰਨ ਸਾਰੇ ਪਰਿਵਾਰਾਂ ਵਿੱਚ ਖੁਸ਼ੀਆਂ, ਖੇੜੇ, ਇਤਿਫਾਕ, ਚੜ੍ਹਦੀ ਕਲਾ, ਨਾਮ ਦੀ ਦਾਤ ਬਖਸ਼ਦੇ ਹੋਏ ਹਜ਼ੂਰ ਗੁਰੂ ਰਵਿਦਾਸ ਜੀ ਮਹਾਰਾਜ ਸਭ ਉੱਪਰ ਕਿਰਪਾ ਕਰਨ। ਸਭ ਨੂੰ ਖੁਸ਼ੀਆਂ ਖੇੜੇ ਬਖਸ਼ਣ ਅਤੇ ਆਪਣੇ ਸੇਵਕਾਂ ਦੀਆਂ ਭੁੱਲਾਂ ਮੁਆਫ਼ ਕਰਕੇ ਅੱਗੇ ਤੋਂ ਸੁਮੱਤ ਬਖਸ਼ਣ ਕਿ ਅਸੀਂ ਅੱਛੇ ਕਰਮ ਕਰੀਏ, ਅੱਛੀ ਰਹਿਣੀ ਰੱਖੀਏ ਤਾਂ ਕਿ ਗੁਰੂ ਘਰ ਦੀ ਸੋਭਾ ਹੋਵੇ। ਸੋਈ ਫੇਰ ਆਈ ਸੰਗਤ ਨੂੰ, ਸਾਰੇ ਦੇਸ਼ ਵਾਸੀਆਂ ਨੂੰ, ਸਾਰੀ ਕਾਇਨਾਤ ਨੂੰ ਹਜ਼ੂਰ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ 633ਵੇਂ ਅਵਤਾਰ ਦਿਵਸ ਦੀ ਲੱਖ-ਲੱਖ ਵਧਾਈ ਹੋਵੇ। ਹਜ਼ੂਰ ਸਭ ਨੂੰ ਖੁਸ਼ੀਆਂ ਖੇੜੇ ਬਖਸ਼ਣ।

# ਸਤਿਸੰਗ

**ਧਨਾਸਰੀ ਭਗਤ ਰਵਿਦਾਸ ਜੀ ਕੀ**

**ੴ ਸਤਿਗੁਰ ਪ੍ਰਸਾਦਿ ॥ (ਅੰਗ 694)**

**ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ**

**ਅਬ ਪਤੀਆਰੁ ਕਿਆ ਕੀਜੈ ॥**

ਬਾਣੀ ਸ੍ਰੀ ਗੁਰੀ ਗ੍ਰੰਥ ਸਾਹਿਬ ਜੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਪਰਖ ਲੈਣ ਲਈ ਜਦੋਂ ਮੂਰਤੀਆਂ ਨਦੀ ਤੋਂ ਪਾਰ ਰੱਖੀਆਂ ਗਈਆਂ ਤਦ ਗੁਰੂ ਰਵਿਦਾਸ ਜੀ ਨੇ ਮਾਲਿਕ ਅੱਗੇ ਅਰਦਾਸ ਬੇਨਤੀ ਜੋਦੜੀ ਕੀਤੀ ਅਤੇ ਇਹ ਸਲੋਕ ਉਚਾਰਨ ਕੀਤਾ ਕਿ ਸੱਚੇ ਪਾਤਿਸ਼ਾਹੋ! ਸਾਡੇ ਵਰਗਾ ਦੀਨ ਕੋਈ ਨਹੀਂ ਹੈ, ਨਿਮਾਣਾ ਕੋਈ ਨਹੀਂ ਹੈ ਅਤੇ ਤੁਹਾਡੇ ਵਰਗਾ ਦਿਆਲੂ ਕੋਈ ਨਹੀਂ ਹੈ। ਪਰ ਹੁਣ ਤੁਸੀਂ ਪਤੀਆਰ ਅਰਥਾਤ ਦੇਰੀ ਨਾ ਕਰਿਉ।

**ਬਚਨੀ ਤੋਰ ਮੋਰ ਮਨੁ ਮਾਨੈ**

**ਜਨ ਕਉ ਪੂਰਨੁ ਦੀਜੈ ॥੧॥**

ਸੱਚੇ ਪਾਤਿਸ਼ਾਹੋ! ਜਿਸ ਉੱਪਰ ਤੁਹਾਡੀ ਪੂਰੀ ਕਿਰਪਾ ਹੋਵੇਗੀ ਉਹੋ ਹੀ ਤੁਹਾਡੇ ਬਚਨ ਮੰਨ ਸਕਦਾ ਹੈ, ਉਹੋ ਹੀ ਤੁਹਾਡੀ ਤਾਬਿਆ ਵਿੱਚ ਰਹਿ ਸਕਦਾ ਹੈ। ਇਸ ਕਰਕੇ ਹਜ਼ੂਰ ਮੈਂ ਤੁਹਾਡਾ ਜਨ ਹਾਂ ਮੇਰੇ ਉੱਪਰ ਪੂਰੀ ਕਿਰਪਾ ਕਰੋ।

**ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥**

**ਕਾਰਨ ਕਵਨ ਅਬੋਲ ॥ ਰਹਾਉ ॥**

ਹਜ਼ੂਰ! ਮੈਂ ਤੁਹਾਡੇ ਤੋਂ ਕੁਰਬਾਨ ਜਾਂਦਾ ਹਾਂ। ਮੈਂ ਕਿਹੜੇ ਬਚਨ ਕਰਾਂ, ਕਿਹੜੀਆਂ ਗੱਲਾਂ ਕਰਾਂ, ਕਿਸ ਤਰ੍ਹਾਂ ਦੀਆਂ ਬੇਨਤੀਆਂ ਜੋਦੜੀਆਂ ਕਰਾਂ ਜੋ ਕਿ ਤੁਹਾਨੂੰ ਚੰਗੀਆਂ ਲੱਗਣ।

**ਬਹੁਤ ਜਨਮ ਬਿਛੁਰੇ ਥੇ ਮਾਧਉ**

**ਇਹੁ ਜਨਮੁ ਤੁਮ੍ਹਾਰੇ ਲੇਖੇ ॥**

ਸੱਚੇ ਪਾਤਿਸ਼ਾਹੋ! ਅਸੀਂ ਬਹੁਤ ਜਨਮਾਂ ਤੋਂ ਤੁਹਾਡੇ ਨਾਲੋਂ ਵਿਛੜੇ ਹੋਏ ਸੀ। ਪਰ ਇਹ ਜਨਮ ਤੁਹਾਡੇ ਲੇਖੇ ਹੈ ਹੁਣ ਤੁਸੀਂ ਇਸ ਜਨਮ ਨੂੰ ਬਿਰਥਾ ਨਾ ਜਾਣ ਦਿਉ।

**ਕਹਿ ਰਵਿਦਾਸ ਆਸ ਲਗਿ ਜੀਵਉ**

**ਚਿਰ ਲਇਓ ਦਰਸਨੁ ਦੇਖੇ ॥ ੨ ॥੧॥**

ਹਜ਼ੂਰ! ਮੈਂ ਇਹ ਆਸ ਰੱਖ ਕੇ ਬੈਠਾਂ ਹਾਂ ਕਿ ਤੁਸੀਂ ਮੇਰੇ ਉੱਪਰ ਕਿਰਪਾ ਕਰੋਗੇ। ਇਸ ਕਰਕੇ ਤੁਸੀਂ ਮੇਰੇ ਉੱਪਰ ਕਿਰਪਾ ਕਰੋ, ਰਹਿਮਤ ਕਰੋ, ਦਇਆ ਕਰੋ ਅਤੇ ਮੈਨੂੰ ਆਪਣੇ ਦਰਸ਼ਨ ਬਖਸ਼ੋ।

ਜਦੋਂ ਗੁਰੂ ਰਵਿਦਾਸ ਜੀ ਨੇ ਐਸੀਆਂ ਜੋਦੜੀਆਂ ਕੀਤੀਆਂ ਤਦ ਭਗਵਾਨ ਨੇ ਉਸੇ ਵਕਤ ਦਰਸ਼ਨ ਬਖਸ਼ੇ ਅਤੇ ਮੂਰਤੀਆਂ ਚੱਲ ਕੇ ਨਦੀ ਤੋਂ ਪਾਰ ਆਈਆਂ ਅਤੇ ਰਾਜੇ ਨੇ ਛਤਰ ਮੰਗਵਾ ਕੇ ਸ਼ਹਿਰ ਵਿੱਚ ਸ਼ੋਭਾ ਯਾਤਰਾ ਕੱਢੀ। ਫੇਰ ਉਥੇ ਗੁਰੂ ਰਵਿਦਾਸ ਜੀ ਨੇ ਸਲੋਕ ਉਚਾਰਨ ਕੀਤਾ ਸੀ ਕਿ

*ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥*
*ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥੧ ॥*
*ਰਹਾਉ ॥*
*ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ ॥*
*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥੧ ॥*
*ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥*
*ਕਹਿ ਰਵਿਦਾਸੁ ਸੁਨਹੁ ਰੇ ਸੰਤਹੁ*
*ਹਰਿ ਜੀਉ ਤੇ ਸਭੈ ਸਰੈ ॥2 ॥ (ਅੰਗ 1106)*

ਹਜ਼ੂਰ ਕਿਰਪਾ ਕਰਨ। ਫੇਰ ਆਈ ਸੰਗਤ ਨੂੰ ਹਜ਼ੂਰ ਗੁਰੂ ਰਵਿਦਾਸ ਜੀ ਦੇ 633ਵੇਂ ਅਵਤਾਰ ਪੁਰਬ ਦੀ ਲੱਖ ਲੱਖ ਵਧਾਈ ਹੋਵੇ। ਹਜ਼ੂਰ ਕਿਰਪਾ, ਦਇਆ ਅਤੇ ਰਹਿਮਤ ਕਰਨ ਅਸੀਂ ਅੱਗੇ ਤੋਂ ਵੀ ਇਸੇ ਤਰ੍ਹਾਂ ਗੁਰੂ ਰਵਿਦਾਸ ਜੀ ਦੇ ਅਵਤਾਰ ਪੁਰਬ ਮਨਾ ਕੇ ਹਜ਼ੂਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਰਹੀਏ।

# ਸਤਿਸੰਗ

**ਰਾਮਕਲੀ ਮਹਲਾ ੧ ॥ (ਅੰਗ 878)**

**ਸੁਰਤੀ ਸੁਰਤਿ ਰਲਾਈਐ ਏਤੁ ॥**

**ਤਨੁ ਕਰਿ ਤੁਲਹਾ ਲੰਘਹਿ ਜੇਤੁ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*
*(ਅੰਗ 1395)*

ਸਾਡੇ ਹਿੱਤ ਵਾਸਤੇ ਭੇਦ ਬਖ਼ਸ਼ ਰਹੇ ਹਨ ਇਸ ਸੁਰਤ ਨੂੰ ਉਸ ਮਾਲਕ ਨਾਲ ਇਸ ਤਰ੍ਹਾਂ ਜੋੜੀਏ ਕਿ

*ਮਨ ਥਿਰ ਤਨ ਥਿਰ ਬਚਨ ਥਿਰ*
*ਸੁਰਤਿ ਨਿਰਤ ਥਿਰ ਹੋਇ ॥*
*ਕਹੁ ਕਬੀਰ ਤਿਸ ਪਲਕ ਕਉ*
*ਕਲਪ ਨਾ ਪਾਵੈ ਕੋਇ ॥*

ਜੋ ਇਨਸਾਨ ਆਪਣੇ ਖਿਆਲ ਨੂੰ ਆਤਮਾ ਨੂੰ ਪ੍ਰਮਾਤਮਾ ਦੇ ਨਾਲ ਲਿਵ ਲਾ ਕੇ ਜੋੜਦੇ ਹਨ ਇੱਕ ਸਕਿੰਟ ਹੀ ਜੋੜਨ ਨਾਲ ਉਹਨਾਂ ਨੂੰ ਸੋਲਾਂ ਜੁਗਾਂ ਦੀ ਭਗਤੀ ਦੇ ਬਰਾਬਰ ਫਲ ਮਿਲਦਾ ਹੈ।

ਹਜ਼ੂਰ ਪਹਿਲੇ ਪਾਤਿਸ਼ਾਹ ਫ਼ੁਰਮਾਨ ਕਰ ਰਹੇ ਹਨ ਕਿ ਅਗਰ ਅਸੀਂ ਆਪਣੀ ਸੁਰਤ ਨੂੰ ਇਕਾਗਰ ਹੋ ਕੇ ਜੋੜੀਏ, ਫੇਰ ਜਿਸ ਤਰ੍ਹਾਂ ਬੇੜੀ ਵਿੱਚ ਬੈਠ ਕੇ ਜੀਵ ਨਦੀ ਤੋਂ ਪਾਰ ਲੰਘ ਜਾਂਦਾ ਹੈ ਇਸ ਤਰ੍ਹਾਂ ਇਕਾਗਰ ਚਿੱਤ ਹੋ ਕੇ ਜੁੜਨ ਨਾਲ ਜੀਵ ਦੀ ਸੁਰਤ ਨਾਮੁ ਦੇ ਤੁਲਹਾ ਦੁਆਰਾ ਕਾਮ, ਕਰੋਧ, ਲੋਭ, ਮੋਹ, ਹੰਕਾਰ ਦੇ ਭਵ-ਸਾਗਰ ਤੋਂ ਪਾਰ ਉਤਾਰਾ ਕਰ ਲੈਂਦੀ ਹੈ।

**ਅੰਤਰਿ ਭਾਹਿ ਤਿਸੈ ਤੂ ਰਖੁ॥**

**ਅਹਿਨਿਸਿ ਦੀਵਾ ਬਲੈ ਅਥਕੁ॥**

ਐ ਜੀਵ! ਤੂੰ ਅੰਤਰ ਭਾਵ ਰੱਖ। ਫੇਰ ਤੈਨੂੰ ਅੰਦਰ (ਜੋਤ) ਦੀਵਾ ਬਲਦਾ ਦਿਖਾਈ ਦੇਵੇਗਾ ਜੋ ਅਥੱਕ ਹੈ। ਦੁਨਿਆਵੀ ਦੀਵੇ ਹਵਾ ਨਾਲ ਬੁੱਝ ਜਾਂਦੇ ਹਨ। ਲਾਈਟ ਵਾਲਾ ਦੀਵਾ ਲਾਈਟ ਬੰਦ ਹੋਣ ਨਾਲ ਬੁੱਝ ਜਾਂਦਾ ਹੈ। ਲੇਕਿਨ ਉਹ

*ਉਲਟਾ ਕੂੰਆ ਗਗਨ ਮੇਂ ਜਾ ਮੇਂ ਜਲੇ ਚਿਰਾਗ।*
*ਜਾ ਮੇਂ ਜਲੇ ਚਿਰਾਗ ਬਿਨ ਰੋਗਨ ਬਿਨ ਬਾਤੀ।*
*ਜਲਤਾ ਬਾਰੋਂ ਮਾਸ ਚਹੁੰ ਦਿਨ ਰਾਤੀ।*
*ਨਿਕਸੇ ਏਕ ਅਵਾਜ ਚਿਰਾਗ ਕੀ ਜੋਤੀ ਮਾਹਿ।*
*ਗਿਆਨ ਸਮਾਧੀ ਸੁਨੇ ਅਉਰ ਕੋਈ ਸੁਨਤਾ ਨਾਹਿ।*
*ਪਲਟੂ ਜੋ ਕੋਈ ਸੁਨੇ ਤਾ ਕੇ ਪੂਰਨ ਭਾਗ*
*ਉਲਟਾ ਕੂੰਆ ਗਗਨ ਮੇਂ ਜਾ ਮੇਂ ਜਲੇ ਚਿਰਾਗ।*

ਜਦੋਂ ਤੁਸੀਂ ਸਿਮਰਨ ਕਰੋਗੇ ਤਦ ਜਿਸ ਤਰ੍ਹਾਂ ਤੁਸੀਂ ਥੱਲੇ ਨੂੰ ਖੂਹ ਦੇਖਦੇ ਹੋ। ਇਸ ਤਰ੍ਹਾਂ ਤੁਹਾਡੇ ਬੈਠਿਆਂ-ਬੈਠਿਆਂ ਅਸਮਾਨ ਵੱਲ ਨੂੰ ਇਕ ਖੂਹ ਬਣ ਜਾਵੇਗਾ। ਉਸ ਵਿੱਚ ਇੱਕ ਚਿਰਾਗ ਜਗਦਾ ਦਿਖਾਈ ਦੇਵੇਗਾ। ਇਹ ਜਰੂਰੀ ਨਹੀਂ ਹੈ ਕਿ ਤੁਸੀਂ ਹਿੰਦੂ ਮੱਤ ਦੇ ਪੈਰੋਕਾਰ ਬਣਨਾ ਹੈ ਜਾਂ ਕੋਈ ਪਰਚਾਰ ਕਰਨਾ ਹੈ ਜਾਂ ਉੱਥੇ ਕੋਈ ਕਥਾ ਕਰਨੀ ਹੈ ਜਾਂ ਕੋਈ ਮੱਤ ਗ੍ਰਹਿਣ ਕਰਨਾ ਹੈ। ਤੁਸੀਂ ਸ੍ਰੀ ਮਦ ਭਾਗਵਦ ਗੀਤਾ ਨੂੰ ਧਿਆਨ ਨਾਲ ਪੜ੍ਹੋ ਉਸ ਵਿੱਚ ਥਾਂ-ਥਾਂ ਵਰਨਣ ਆਉਂਦਾ ਹੈ ਕਿ ਜਦੋਂ ਜੀਵ ਸ੍ਰੀ ਕ੍ਰਿਸ਼ਨ ਭਗਵਾਨ ਦੀ ਉਸਤਿਤ, ਸੋਭਾ ਕਰਦਾ ਹੈ ਤਾਂ ਉਹ ਭਗਵਾਨ ਉਸ ਨੂੰ ਉਸ ਖੂਹ ਵਿੱਚੋਂ ਦੀ ਇੱਕ ਰੱਥ ਭੇਜਦਾ ਹੈ ਅਤੇ ਜੀਵ ਨੂੰ ਉਸ ਰੱਥ ਵਿੱਚ ਬਿਠਾ ਕੇ ਲੈ ਜਾਂਦੇ ਹਨ।

ਅਸੀਂ ਗੁਰਬਾਣੀ ਦੀ ਸ਼ਰਨ ਵਿੱਚ ਬੈਠੇ ਹਾਂ। ਅਸੀਂ ਤੁਹਾਨੂੰ ਦੱਸਦੇ ਹਾਂ ਕਿ ਜਿਸ ਦਿਨ ਅਸੀਂ ਪ੍ਰਣ ਕੀਤਾ ਸੀ ਕਿ ਅਗਰ ਹਜ਼ੂਰ ਨੇ ਬਖ਼ਸ਼ਿਸ਼ ਨਾ ਕੀਤੀ ਤਦ ਅਸੀਂ ਆਪਣੇ ਆਪ ਨੂੰ ਖਤਮ ਕਰ ਲੈਣਾ ਹੈ। ਅਸੀਂ ਇਸ਼ਨਾਨ ਕਰਕੇ ਚੰਡੀਗੜ੍ਹ ਦੇ ਬਾਈ ਸੈਕਟਰ ਦੇ ਗੁਰਦੁਆਰੇ ਵਿੱਚ ਅਰਦਾਸ ਕਰਕੇ ਗਏ ਕਿ ਹਜ਼ੂਰ! ਜਾਂ ਸਾਨੂੰ ਦਰਸ਼ਨ ਬਖ਼ਸ਼ੋ ਜਾਂ ਸਾਡੀ ਦੇਹ ਛੁਡਾ ਦਿਉ। ਤਦ ਉਸ ਦਿਨ ਅਸੀਂ ਉਹ ਖੂਹ ਅਸਮਾਨ ਵਿੱਚ ਬਣਦਾ ਦੇਖਿਆ ਸੀ ਅਤੇ ਉਸ ਖੂਹ ਵਿੱਚੋਂ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ, ਸਾਡੇ ਵੱਡੇ ਬਾਬਾ ਜੀ ਅਤੇ ਸਾਡੇ ਹਜ਼ੂਰ ਦੇ ਦਰਸ਼ਨ ਹੋਏ ਸਨ। ਜਦੋਂ ਅਸੀਂ ਫਟਾਫਟ ਅੱਖਾਂ ਖੋਲ੍ਹ ਕੇ ਦੇਖਣ ਲੱਗੇ ਤਾਂ ਉਹ ਦਰਸ਼ਨ ਬੰਦ ਹੋ ਗਏ। ਅਸੀਂ ਫੇਰ ਬੜੇ ਰੋਏ। ਪਰ ਅਸੀਂ ਕਥਾ ਸੁਣੀ ਸੀ ਕਿ ਅਗਰ ਐਸੇ ਦਰਸ਼ਨਾਂ ਤੋਂ ਬਾਅਦ ਅੱਖ ਖੋਲ੍ਹ ਦਿਉਗੇ ਤਦ ਤੁਹਾਨੂੰ ਉਹ ਖੂਹ ਵੀ ਦਿਸਣਾ ਬੰਦ ਹੋ ਜਾਵੇਗਾ ਅਤੇ ਰੱਥ ਵੀ ਦਿਸਣਾ ਬੰਦ ਹੋ ਜਾਣਾ ਹੈ। ਸੋਈ ਫੇਰ ਅਸੀਂ ਅੱਖਾਂ ਉੱਪਰ ਪੱਟੀ ਬੰਨ੍ਹ ਕੇ ਬੈਠ ਗਏ ਅਤੇ ਬਹੁਤ ਘੰਟਿਆਂ ਬਾਅਦ ਮਾਲਿਕ ਨੂੰ ਫੇਰ ਤਰਸ ਪਿਆ। ਇਹ ਬਚਨ ਸੱਚੇ ਹਨ ਜੋ ਗੁਰਬਾਣੀ ਵਿੱਚ ਆਏ ਹਨ ਕਿਉਂਕਿ ਸਾਰੀ ਗੁਰਬਾਣੀ ਸੱਚ ਹੀ ਹੈ। ਜੋ ਪ੍ਰਾਣੀ ਇਸ ਤਰ੍ਹਾਂ ਸਿਮਰਨ ਕਰੇਗਾ ਤਦ ਅਕਾਸ਼ ਵਿੱਚੋਂ ਖੂਹ ਨੁਮਾ ਚੱਕਰ ਬਣੇਗਾ ਅਤੇ ਰਥ ਨੁਮਾ ਤਾਕਤ ਆਵੇਗੀ। ਉਸ ਵਿੱਚ ਪਹਿਲਾਂ ਦੀਵਾ ਜਗਦਾ ਦਿਖਾਈ ਦੇਵੇਗਾ ਫੇਰ ਉਸ ਵਿੱਚ ਪੂਰਨ ਤਾਕਤ ਜੋ ਦੁਨੀਆਂ ਵਿੱਚ ਕਿਤੇ ਵੀ ਹੋਵੇਗੀ ਉਸ ਦੇ ਦਰਸ਼ਨ ਹੋਣਗੇ। ਉਹ ਤਾਕਤ ਇੱਕ ਸਮੇਂ ਇੱਕ ਹੀ ਹੁੰਦੀ ਹੈ।

*ਸ਼ੀਹੋਂ ਕੇ ਲੇਂਡੇ ਨਹੀਂ ਹੰਸੋਂ ਕੀ ਨਹੀਂ ਪਾਤ।*
*ਲਾਲੋਂ ਕੀ ਨਹੀਂ ਬੋਰੀਆਂ ਸੰਤ ਨਾ ਚਲੇਂ ਜਮਾਤ।*

ਸਾਰੀ ਦੁਨੀਆਂ ਵਿੱਚ ਇੱਕ ਸਮੇਂ ਇੱਕ ਹੀ ਸਾਧੂ ਹੁੰਦੇ ਹਨ। ਉਹ ਮਾਲਿਕ ਤੁਹਾਨੂੰ ਦੱਸ ਦੇਣਗੇ ਕਿ ਉਹ ਸਾਧੂ ਕਿਸ ਸ਼ਹਿਰ, ਕਿਸ ਦੇਸ ਵਿੱਚ ਹਨ। ਉਹਨਾਂ ਦਾ ਕੀ ਨਾਮ ਹੈ। ਉਹ ਕਿੱਥੇ ਬਿਰਾਜੇ ਹਨ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅੰਦਰ ਤੁਹਾਨੂੰ ਅਥੱਕ ਦੀਵਾ ਜਗਦਾ ਦਿਖਾਈ ਦੇਵੇਗਾ। ਕਦੇ ਵੀ ਕਿਸੇ ਜੁੱਗ ਵਿੱਚ ਉਹ ਦੀਵਾ ਅੱਜ ਤੱਕ ਬੁਝਿਆ ਨਹੀਂ ਹੈ। ਉਹ ਜੁਗਾਂ ਤੋਂ ਲਗਾਤਾਰ ਜਗਦਾ ਆ ਰਿਹਾ ਹੈ।

**ਐਸਾ ਦੀਵਾ ਨੀਰਿ ਤਰਾਇ॥**

**ਜਿਤੁ ਦੀਵੈ ਸਭ ਸੋਝੀ ਪਾਇ॥੧॥ ਰਹਾਉ॥**

ਤੁਸੀਂ ਟੀ.ਵੀ. ਉੱਪਰ ਦੇਖਿਉ ਕਿ ਜਿੰਨੇ ਵੀ ਹਰਿਦੁਆਰ, ਕਾਂਸ਼ੀ, ਮਥੁਰਾ ਜਾਂਦੇ ਹਨ ਉੱਥੋਂ ਦੇ ਹਿੰਦੂ ਪਰੰਪਰਾ ਵਾਲੇ ਨਦੀਆਂ, ਦਰਿਆਵਾਂ ਵਿੱਚ ਪੱਤਲ ਬਣਾ ਕੇ ਉਸ ਉੱਪਰ ਦੀਵਾ ਰੱਖ ਦਿੰਦੇ ਹਨ ਅਤੇ ਉਸ ਨੂੰ ਨਦੀ ਵਿੱਚ ਤਾਰ ਦਿੰਦੇ ਹਨ। ਹਿੰਦੂ ਮੱਤ ਵਿੱਚ, ਵੇਦਾਂ ਸ਼ਾਸਤਰਾਂ ਅਨੁਸਾਰ ਉਹ ਜੋ ਦੀਵਾ ਤਾਰਿਆ ਜਾਂਦਾ ਹੈ ਇਸ ਤਰ੍ਹਾਂ ਜੀਵ ਦੀ ਸੁਰਤ ਉੱਥੇ ਤਰਦੀ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਉਸ ਦੀਵੇ ਨੂੰ ਚਾਹੇ ਜਲ ਵਿੱਚ ਰੱਖ ਦਿਉ ਉਹ ਤਰਦਾ ਜਾਵੇਗਾ, ਬੁਝੇਗਾ ਨਹੀਂ। ਹਵਾ ਨਾਲ ਵੀ ਬੁਝਦਾ ਨਹੀਂ ਹੈ। ਉਹ ਦੀਵਾ ਹਮੇਸ਼ਾਂ ਬਾਰਾਂ ਮਹੀਨੇ, ਚੌਵੀ ਘੰਟੇ, ਸੁਆਸ ਸੁਆਸ ਨਾਲ ਜਗੀ ਜਾਂਦਾ ਹੈ। ਉਸ ਉੱਪਰ ਕੋਈ ਚੀਜ਼ ਅਸਰ ਨਹੀਂ ਕਰਦੀ।

**ਹਛੀ ਮਿਟੀ ਸੋਝੀ ਹੋਇ॥**

**ਤਾ ਕਾ ਕੀਆ ਮਾਨੈ ਸੋਇ॥**

ਸਾਡੀ ਦੇਹ ਮਿੱਟੀ ਹੀ ਹੈ। ਜੋ ਅੱਛੀ ਮਿੱਟੀ ਹੋਵੇਗੀ ਉਸ ਨੂੰ ਇਹ ਸੋਝੀ ਪ੍ਰਾਪਤ ਹੋਵੇਗੀ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸਾਡੇ ਬਚਨ ਉਹੀ ਮੰਨੇਗਾ ਜਿਸ ਦੀ ਅੱਛੀ ਮਿੱਟੀ ਹੋਵੇਗੀ ਹੋਰ ਕੋਈ ਨਹੀਂ ਮੰਨੇਗਾ। ਅਸੀਂ ਦੱਸ ਚੱਲੇ ਹਾਂ ਪਰ ਕੋਈ ਭਾਗਾਂ ਵਾਲਾ ਜੀਵ ਹੀ ਸਾਡੇ ਇਹਨਾਂ ਬਚਨਾਂ ਨੂੰ ਮੰਨੇਗਾ।

**ਕਰਣੀ ਤੇ ਕਰਿ ਚਕਹੁ ਢਾਲਿ॥**

**ਐਥੈ ਓਥੈ ਨਿਬਹੀ ਨਾਲਿ॥੨॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਨੇਕ ਕਰਣੀ ਕਰੋ ਅਤੇ ਬੇੜੀ ਨੂੰ ਜਿਸ ਤਰ੍ਹਾਂ ਚੱਪੂ ਲਾ ਕੇ ਅਗੇ ਤੋਰੀਦਾ ਹੈ ਇਸ ਤਰ੍ਹਾਂ ਆਪਣੀ ਆਤਮਾ ਨੂੰ ਅੱਗੇ ਤੋਰੋ। ਫੇਰ ਉਹ ਤਾਕਤ ਇੱਥੇ ਅਤੇ ਉੱਥੇ ਦੋਹੀਂ ਜਹਾਨੀ ਤੁਹਾਡੇ ਨਾਲ ਨਿਭੇਗੀ, ਤੁਹਾਡਾ ਸਾਥ ਦੇਵੇਗੀ

*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥*

*(ਅੰਗ 729)*

ਤੁਸੀਂ ਜਿੱਥੇ ਵੀ ਬੇਨਤੀ ਕਰੋਗੇ ਹਜ਼ੂਰ ਤੁਹਾਡੇ ਅੰਗ ਸੰਗ ਰਹਿ ਕੇ, ਤੁਹਾਡੇ ਕੋਲ ਆ ਕੇ ਤੁਹਾਡੀ ਸਹਾਇਤਾ ਕਰਨਗੇ।

# ਸਤਿਸੰਗ

**ਆਸਾ ਮਹਲਾ ੫ ॥ (ਅੰਗ 378)**

**ਤੁਝ ਬਿਨੁ ਅਵਰੁ ਨਾਹੀ ਮੈ ਦੂਜਾ ਤੂੰ ਮੇਰੇ ਮਨ ਮਾਹੀ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ ਭੇਦ ਬਖ਼ਸ਼ ਰਹੇ ਹਨ ਕਿ ਅਸੀਂ ਆਪਣੇ ਸਤਿਗੁਰੂ ਹਜ਼ੂਰ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਨੂੰ ਕਿਸ ਤਰ੍ਹਾਂ ਮੰਨਦੇ ਹਾਂ। ਅਸੀਂ ਆਪਣੇ ਹਜ਼ੂਰ ਨੂੰ ਹਮੇਸ਼ਾਂ ਦਿਲ ਵਿੱਚ ਰੱਖਦੇ ਹਾਂ ਕਿ ਸੱਚੇ ਪਾਤਿਸ਼ਾਹੋ!

*ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥ (ਅੰਗ 1362)*

ਤਥਾ

*ਮੈ ਚਾਰੇ ਕੁੰਡਾ ਭਾਲੀਆ ਤੁਧੁ ਜੇਵਡੁ ਨ ਸਾਈਆ ॥*

*(ਅੰਗ 1098)*

ਤੁਹਾਡੇ ਬਗੈਰ ਮੈਂ ਹੋਰ ਕਿਸੇ ਨੂੰ ਨਹੀਂ ਮੰਨਦਾ। ਮੰਨਣਾ ਤਾਂ ਦੂਰ ਦੀ ਗੱਲ ਹੈ ਹੋਰ ਕਿਸੇ ਲਈ ਮੇਰੇ ਮਨ ਵਿੱਚ ਰੱਤੀ ਜਿੰਨੀ ਵੀ ਸ਼ਰਧਾ ਨਹੀਂ ਆਉਂਦੀ। ਹਜ਼ੂਰ ਮੇਰੇ ਉੱਪਰ ਅਪਾਰ ਕਿਰਪਾ ਅਤੇ ਬਖਸ਼ਿਸ਼ ਰੱਖਿਉ ਕਿ ਮੈਂ ਇਸੇ ਤਰ੍ਹਾਂ ਤੁਹਾਡੀ ਸੰਗਤ ਅਤੇ ਸ਼ਰਨ ਵਿੱਚ ਰਹਾਂ।

**ਤੂੰ ਸਾਜਨੁ ਸੰਗੀ ਪ੍ਰਭੁ ਮੇਰਾ ਕਾਹੇ ਜੀਅ ਡਰਾਹੀ ॥੧॥**

ਸੱਚੇ ਪਾਤਿਸ਼ਾਹੋ! ਦੁਨੀਆਂ ਵਿੱਚ ਜਿੰਨੇ ਵੀ ਭੈਣ, ਭਰਾ, ਸੱਜਣ, ਮਿੱਤਰ, ਰਿਸ਼ਤੇਦਾਰ ਹਨ ਉਹ ਸਾਰੇ ਆਪਣੀਆਂ ਗਰਜ਼ਾ ਨਾਲ ਬੱਝੇ ਹੋਏ ਹਨ ਜੋ ਲੋੜ ਪੈਣ ਤੇ ਸਾਥ ਛੱਡ ਜਾਂਦੇ ਹਨ।

*ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥*
*ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ ॥੫੫॥*

*(ਅੰਗ 1429)*

ਹਜ਼ੂਰ ਨੌਂਵੇਂ ਪਾਤਿਸ਼ਾਹ ਜੀ ਨੇ ਫ਼ੁਰਮਾਨ ਕੀਤਾ ਹੈ ਕਿ ਜਦੋਂ ਜੀਵ ਉੱਤੇ ਕੋਈ ਦੁਖ, ਮੁਸੀਬਤ ਬਣਦੀ ਹੈ, ਕਸ਼ਟ ਆਉਂਦਾ ਹੈ ਉਦੋਂ ਦੋਸਤ, ਮਿੱਤਰ, ਭੈਣ, ਭਰਾ ਸਾਰੇ ਹੀ ਸਾਥ ਛੱਡ ਜਾਂਦੇ ਹਨ। ਪਰ ਉਹ ਸੱਚੀ ਤਾਕਤ, ਰਘੂਨਾਥ, ਵਾਹਿਗੁਰੂ, ਅੱਲਾਹ, ਗਾਡ, ਰਾਮ ਹਮੇਸ਼ਾਂ ਜੀਵ ਦੀ ਰੱਖਿਆ ਅਤੇ ਸਹਾਇਤਾ ਕਰਦੀ ਹੈ ਅਤੇ ਜੀਵ ਦੇ ਅੰਗ ਸੰਗ ਰਹਿੰਦੀ ਹੈ। ਹਜ਼ੂਰ ਤੁਸੀਂ ਮੇਰੇ ਪ੍ਰਭੂ ਹੋ, ਹਮੇਸ਼ਾਂ ਮੇਰੇ ਅੰਗ ਸੰਗ ਹੋ ਪਰ ਮੈਨੂੰ ਡਰਾਇਆ ਨਾ ਕਰੋ। ਹਜ਼ੂਰ ਮੈਂ ਚੌਵੀ ਘੰਟੇ ਇਸ ਭੈ ਵਿੱਚ ਰਹਿੰਦਾ ਹਾਂ, ਡਰਦਾ ਰਹਿੰਦਾ ਹਾਂ ਕਿ ਮੇਰੇ ਕੋਲੋਂ ਕੋਈ ਭੁੱਲ ਨਾ ਹੋ ਜਾਵੇ। ਸੱਚੇ ਪਾਤਿਸ਼ਾਹੋ! ਤੁਸੀਂ ਹੀ ਮੇਰੇ ਪ੍ਰਭੂ ਅਤੇ ਸੱਜਣ ਹੋ, ਇਸ ਕਰਕੇ ਮੇਰੇ ਮਨ ਵਿੱਚੋਂ ਖੌਫ਼ ਅਤੇ ਡਰ ਕੱਢੋ।

**ਤੁਮਰੀ ਓਟ ਤੁਮਾਰੀ ਆਸਾ ॥**

ਹਜ਼ੂਰ ਕਿਰਪਾ ਕਰੋ ਮੈਂ ਹਮੇਸ਼ਾਂ ਤੁਹਾਡੀ ਓਟ ਰੱਖਾਂ ਅਤੇ ਗੁਰੂ ਘਰ ਤੋਂ ਆਸ ਰੱਖਾਂ। ਕਿਉਂਕਿ ਦੁਨਿਆਵੀ ਤੌਰ 'ਤੇ ਰਿਸ਼ਤੇਦਾਰ, ਭੈਣ, ਭਰਾ, ਸੱਜਣ, ਮਿੱਤਰ ਸਭ ਸਾਥ ਛੱਡ ਜਾਂਦੇ ਹਨ।

ਅੱਜ ਦੇ ਯੁੱਗ ਵਿੱਚ ਜਿਸ ਕੋਲ ਘੱਟ ਪੈਸਾ ਹੋਵੇ ਉਸ ਨੂੰ ਰਿਸ਼ਤੇਦਾਰ, ਭੈਣ, ਭਰਾ ਉਧਾਰ ਪੈਸਾ ਦੇਣ ਲਈ ਤਿਆਰ ਨਹੀਂ ਹੁੰਦੇ। ਜਦੋਂ ਗਰੀਬ ਆਦਮੀ ਜ਼ਮੀਨ ਗਹਿਣੇ ਪਾਉਂਦਾ ਹੈ ਤਾਂ ਉਸ ਦੀ ਜ਼ਮੀਨ ਗਹਿਣੇ ਲੈਣ ਲਈ ਵੀ ਕੋਈ ਤਿਆਰ ਨਹੀਂ ਹੁੰਦਾ। ਕਿਉਂਕਿ ਸਾਰੀ ਦੁਨੀਆਂ ਮਾਇਆ ਦੀ ਦੋਸਤ, ਮਿੱਤਰ, ਸੱਜਣ ਹੈ। ਪਰ ਹਜ਼ੂਰ ਕਿਰਪਾ ਕਰੋ ਮੈਂ ਹਮੇਸ਼ਾਂ ਤੁਹਾਡੀ ਓਟ ਅਤੇ ਆਸਰਾ ਰੱਖਾਂ। ਮੈਂ ਹੋਰ ਕਿਸੇ ਤੋਂ ਕੋਈ ਆਸ ਨਾ ਕਰਾਂ। ਮੈਨੂੰ ਤੁਸੀਂ ਹੀ ਸਭ ਕੁਝ ਬਖ਼ਸ਼ੋ ਮੈਂ ਕਿਸੇ ਗੋਚਰਾ ਨਾ ਹੋਵਾਂ।

**ਬੈਠਤ ਊਠਤ ਸੋਵਤ ਜਾਗਤ**
**ਵਿਸਰੁ ਨਾਹੀ ਤੂੰ ਸਾਸ ਗਿਰਾਸਾ ॥੧॥ ਰਹਾਉ ॥**

ਸੱਚੇ ਪਾਤਿਸ਼ਾਹੋ! ਬਖਸ਼ਿਸ਼ ਕਰਿਉ। ਉਠਦਿਆਂ, ਬੈਠਦਿਆਂ, ਸੌਂਦਿਆਂ, ਜਾਗਦਿਆਂ ਜਦੋਂ ਤੱਕ ਮੇਰੇ ਸਾਹ ਚੱਲਦੇ ਹਨ, ਸਾਸ ਭਾਵ ਜਦੋਂ ਤੱਕ ਸਾਹ ਆਉਂਦੇ ਹਨ ਗਿਰਾਸ ਭਾਵ ਜਦੋਂ ਮੈਂ ਮੂੰਹ ਵਿੱਚ ਬੁਰਕੀ ਵੀ ਪਾਉਂਦਾ ਹਾਂ ਤਦ ਵੀ ਤੁਹਾਡੇ ਨਾਮ ਦਾ ਜਾਪ, ਤੁਹਾਨੂੰ ਚਿਤ ਵਿੱਚ ਰੱਖ ਕੇ ਕਰਾਂ। ਜਿੰਨੇ ਵੀ ਸਾਧੂ ਮਹਾਤਮਾ ਹੁੰਦੇ ਹਨ ਜਦੋਂ ਖਾਣਾ ਖਾਣ ਲੱਗਦੇ ਹਨ ਚਾਹੇ ਦੋ ਮਿੰਟ ਹੀ ਮਾਲਿਕ ਦਾ ਧਿਆਨ ਕਰਨ ਕਿ ਹਜ਼ੂਰ ਤੁਹਾਡਾ ਬਖਸ਼ਿਆ ਖਾ ਰਹੇ ਹਾਂ। ਅਗਾਂਹ ਵੀ ਏਦਾਂ ਹੀ ਬਖਸ਼ਿਸ਼ ਕਰਿਉ। ਉਹ ਜ਼ਰੂਰ ਮਾਲਿਕ ਦਾ ਧਿਆਨ ਰੱਖ ਕੇ ਅਰਦਾਸ ਕਰਦੇ ਹਨ। ਹਜ਼ੂਰ ਐਸਾ ਨਾ ਹੋਵੇ ਕਿ ਮੈਨੂੰ ਬਹੁਤੀਆਂ ਚੀਜਾਂ, ਧਨ, ਦੌਲਤ, ਮਹਿਲ, ਮਾੜੀਆਂ, ਗੱਡੀਆਂ, ਕਾਰਖਾਨੇ ਮਿਲ ਜਾਣ ਅਤੇ ਮੈਂ ਤੁਹਾਨੂੰ ਵਿਸਰ ਜਾਵਾਂ। ਹਜ਼ੂਰ ਏਦਾਂ ਨਾ ਕਰਿਉ। ਹਜ਼ੂਰ ਜਦ ਤੱਕ ਮੇਰੇ ਸੁਆਸ ਚੱਲਦੇ ਹਨ ਜਦ ਤੱਕ ਮੇਰੇ ਅੰਦਰ ਗਿਰਾਸ ਜਾਂਦਾ ਹੈ ਚਾਹੇ ਕੋਈ ਵੀ

ਭੋਜਨ ਖਾਵਾਂ ਮੈਂ ਹਰ ਸਮੇਂ ਤੁਹਾਨੂੰ ਚੇਤੇ ਰੱਖਾਂ।

**ਰਾਖੁ ਰਾਖੁ ਸਰਣਿ ਪ੍ਰਭ ਅਪਨੀ**

**ਅਗਨਿ ਸਾਗਰ ਵਿਕਰਾਲਾ॥**

ਸੱਚੇ ਪਾਤਿਸ਼ਾਹੋ! ਇਹ ਕਾਮ, ਕਰੋਧ, ਲੋਭ, ਮੋਹ, ਹੰਕਾਰ ਦਾ ਐਨਾ ਵੱਡਾ ਸਮੁੰਦਰ ਹੈ ਇਸ ਨੂੰ ਕੋਈ ਤਰ ਕੇ ਪਾਰ ਨਹੀਂ ਕਰ ਸਕਦਾ। ਗੁਰੂ, ਸੰਤ ਕਿਰਪਾ ਕਰਨ ਅਤੇ ਨਾਮ ਦਾ ਬੋਹਿਥ, ਬੇੜਾ ਬਖ਼ਸ਼ ਦੇਣ ਤਾਂ ਉਸ ਉੱਪਰ ਸਵਾਰ ਹੋ ਕੇ ਜੀਵ ਪਾਰ ਉਤਾਰਾ ਕਰ ਸਕਦਾ ਹੈ।

**ਨਾਨਕ ਕੇ ਸੁਖਦਾਤੇ ਸਤਿਗੁਰ**

**ਹਮ ਤੁਮਰੇ ਬਾਲ ਗੁਪਾਲਾ॥੨॥੩੦॥**

ਸੱਚੇ ਪਾਤਿਸ਼ਾਹੋ! ਤੁਸੀਂ ਸਾਡੇ ਸਤਿਗੁਰ ਹੋ ਅਸੀਂ ਤੁਹਾਡੇ ਬੱਚੇ ਹਾਂ। ਜਿਸ ਤਰ੍ਹਾਂ ਮਾਤਾ ਪਿਤਾ ਬੱਚੇ ਦੀ ਪ੍ਰਤਿਪਾਲਣਾ ਕਰਦੇ ਹਨ ਹਜ਼ੂਰ ਇਸ ਤਰ੍ਹਾਂ ਸਾਨੂੰ ਬੱਚੇ ਸਮਝ ਦੇ ਸਾਡੀ ਰੱਖਿਆ ਅਤੇ ਪ੍ਰਤਿਪਾਲਣਾ ਕਰੋ। ਐਸੀ ਜੁਗਤੀ ਅਨੁਸਾਰ ਅਸੀਂ ਵਧੀਆ ਜੀਵਨ ਬਤੀਤ ਕਰ ਸਕਦੇ ਹਾਂ।

# ਸਤਿਸੰਗ

**ਬਿਲਾਵਲੁ ਮਹਲਾ ੫॥ (ਅੰਗ 814)**

**ਬੰਧਨ ਕਾਟੇ ਆਪਿ ਪ੍ਰਭਿ ਹੋਆ ਕਿਰਪਾਲ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਭੇਦ ਬਖ਼ਸ਼ ਰਹੇ ਹਨ ਕਿ ਮੇਰੇ ਸਤਿਗੁਰ ਹਜ਼ੂਰ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਬਹੁਤ ਹੀ ਕਿਰਪਾਲੂ ਸਨ, ਕਿਰਪਾ ਦੇ ਭੰਡਾਰ ਸਨ। ਉਹਨਾਂ ਨੇ ਮੇਰੇ ਦੁਨਿਆਵੀ ਬੰਧਨ, ਕਾਮ, ਕਰੋਧ, ਲੋਭ, ਮੋਹ, ਹੰਕਾਰ ਦੇ ਸਾਰੇ ਬੰਧਨ ਕੱਟ ਦਿੱਤੇ। ਕੋਈ ਵੀ ਜੀਵ ਹਜ਼ੂਰ ਦੀ ਕਿਰਪਾ ਤੋਂ ਬਗੈਰ ਇਹਨਾਂ ਬੰਧਨਾਂ ਤੋਂ ਬਚ ਨਹੀਂ ਸਕਦਾ ਕਿਉਂਕਿ

*ਮੋਟੇ ਬੰਧਨ ਜਗਤ ਕੇ ਗੁਰ ਭਗਤੀ ਸੇ ਕਾਟ।*
*ਝੀਨੇ ਬੰਧਨ ਦੇਹ ਕੇ ਕਟੇਂ ਨਾਮ ਪਰਤਾਪ।*
*ਮੋਟੇ ਜਬ ਤਕ ਜਾਏਂ ਨਹੀ ਝੀਨੇ ਕੈਸੇ ਜਾਏਂ।*
*ਤਾ ਤੇ ਸਭੁ ਕੋ ਚਾਹੀਏ ਨਿਤ ਗੁਰ ਭਗਤਿ ਕਮਾਏ।*

ਰਿਸ਼ਤੇਦਾਰੀਆਂ, ਭੈਣ, ਭਰਾ, ਸਾਕ, ਸੰਬੰਧੀ ਇਹ ਮੋਟੇ ਬੰਧਨ ਹਨ। ਇਹ ਬੰਧਨ ਸਾਧੂ ਦੀ ਸੰਗਤ ਕੀਤਿਆਂ, ਸਿਮਰਨ ਕੀਤਿਆਂ ਹੀ ਠੀਕ ਹੋ ਜਾਂਦੇ ਹਨ। ਜਦੋਂ ਤੱਕ ਜੀਵ ਕਾਮ, ਕਰੋਧ, ਲੋਭ, ਮੋਹ ਹੰਕਾਰ ਤੋਂ ਉੱਪਰ ਨਹੀਂ ਉੱਠਦਾ ਉਦੋਂ ਤੱਕ ਅੰਦਰ ਦਾ ਭੇਦ ਨਹੀਂ ਪ੍ਰਾਪਤ ਕਰ ਸਕਦਾ। ਉਦੋਂ ਤੱਕ ਨਾਮ ਦੀ ਬਖ਼ਸ਼ਿਸ਼ ਨਹੀਂ ਹੁੰਦੀ। ਜਦੋਂ ਤੱਕ ਬਾਹਰ ਦੇ ਬੰਧਨ ਨਹੀਂ ਮੁੱਕਦੇ ਅੰਦਰ ਵਾਲੇ ਵੀ ਨਹੀਂ ਮੁੱਕ ਸਕਦੇ। ਇਸ ਕਰਕੇ ਸਾਰਿਆਂ ਨੂੰ ਭਗਤੀ ਅਤੇ ਅਰਾਧਨਾ ਕਰਨੀ ਚਾਹੀਦੀ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਮੇਰੇ ਸਤਿਗੁਰ ਬਹੁਤ ਕਿਰਪਾਲੂ ਸਨ ਉਹਨਾਂ ਨੇ ਕਿਰਪਾ ਕਰਕੇ ਮੇਰੇ ਸਾਰੇ ਬੰਧਨ ਕੱਟ ਦਿੱਤੇ।

**ਦੀਨ ਦਇਆਲ ਪ੍ਰਭ ਪਾਰਬ੍ਰਹਮ**

**ਤਾ ਕੀ ਨਦਰਿ ਨਿਹਾਲ॥੧॥**

ਉਹ ਤਾਕਤ ਗਰੀਬਾਂ ਉੱਪਰ ਦਿਆਲੂ ਹੁੰਦੀ ਹੈ। ਉਹ ਪ੍ਰਭੂ ਪਾਰਬ੍ਰਹਮ ਦੇ ਵਾਸੀ ਹਨ। ਹਮੇਸ਼ਾਂ ਉਹਨਾਂ ਦੀ ਰਹਿਮਤ ਅਤੇ ਬਖ਼ਸ਼ਿਸ਼ ਮੰਗਦੇ ਰਹੋ। ਅਸੀਂ ਦੇਖਿਆ ਹੈ ਕਿ ਪਿੱਛੇ ਜਿੰਨੇ ਵੀ ਸਾਧੂ, ਸੰਤ, ਪੀਰ, ਪੈਗੰਬਰ, ਗੁਰੂ ਸਾਹਿਬਾਨ ਆਏ ਹਨ ਉਹਨਾਂ ਨੂੰ ਜਿਉਂਦੇ ਜੀਅ ਕਿਸੇ ਨੇ ਨਹੀਂ ਮੰਨਿਆ। ਜਦੋਂ ਉਹ ਚੋਲਾ ਛੱਡ ਜਾਂਦੇ ਹਨ, ਉੱਪਰ ਪਾਰਬ੍ਰਹਮ ਵਾਸੀ, ਸਵਰਗਾਂ ਦੇ ਵਾਸੀ ਬਣ ਜਾਂਦੇ ਹਨ, ਫੇਰ ਸਾਰੇ ਬਰਸੀਆਂ ਮਨਾਉਂਦੇ ਹਨ। ਜਿਉਂਦੇ ਜੀਅ ਚਾਹੇ ਕਿਸੇ ਘਰ ਦੇ ਮੈਂਬਰ ਜਾਂ ਬੱਚਿਆਂ ਨੇ ਆਪਣੇ ਮਾਂ-ਪਿਉ, ਦਾਦੀ-ਦਾਦੇ, ਨਾਨੀ-ਨਾਨੇ ਨੂੰ ਚਾਹ ਦਾ ਕੱਪ ਨਾ ਪਿਆਇਆ ਹੋਵੇ, ਉਹਨਾਂ ਦੀ ਗੱਲ ਨਾ ਸੁਣੀ ਹੋਵੇ, ਬਾਅਦ ਵਿੱਚ ਅਖਬਾਰਾਂ ਉਹਨਾਂ ਦੀ ਸਿਫ਼ਤ ਨਾਲ ਭਰੀਆਂ ਹੁੰਦੀਆਂ ਹਨ। ਕਿ ਸਾਡੇ ਬਜ਼ੁਰਗ ਬੜੇ ਸੰਤ ਸਰੂਪ ਬ੍ਰਹਮ ਗਿਆਨੀ ਸੱਚਖੰਡ ਵਾਸੀ ਸਨ, ਉਹਨਾਂ ਨੇ ਦੁਨੀਆਂ ਦੇ ਕਲਿਆਣ ਲਈ ਬਹੁਤ ਕੰਮ ਕੀਤੇ। ਅਸੀਂ ਕਹਿੰਦੇ ਹਾਂ ਕਿ ਭਲਿਉ ਲੋਕੋ! ਅਗਰ ਐਨੇ ਮਰਨ ਵਾਲੇ ਪੰਜਾਬ ਵਿੱਚ ਐਨਾ ਕਲਿਆਣ ਕਰਦੇ ਰਹੇ ਸਨ ਫੇਰ ਪੰਜਾਬ ਦਾ ਸੱਤਿਆਨਾਸ਼ ਕਿਉਂ ਹੋਇਆ, ਲੋਕਾਂ ਨੂੰ ਨਸ਼ੇ ਕਿਉਂ ਲੱਗੇ, ਦਹੇਜ ਅਤੇ ਭਰੂਣ ਹੱਤਿਆ ਵਰਗੇ ਕੇਸ ਕਿਉਂ ਹੋਏ?

*ਮੋਇਆਂ ਨੂੰ ਪੂਜੇ ਇਹ ਦੁਨੀਆਂ*
*ਜਿਉਂਦੇ ਦੀ ਕੀਮਤ ਕੁਝ ਵੀ ਨਹੀਂ।*

ਅਸੀਂ ਇੱਕ ਵਾਰ ਕਿਸੇ ਰਿਸ਼ਤੇਦਾਰੀ ਵਿੱਚ ਉਸ ਪਰਿਵਾਰ ਦੇ ਬਜ਼ੁਰਗ ਦੀ ਅੰਤਮ ਅਰਦਾਸ ਵਿੱਚ ਸ਼ਾਮਿਲ ਹੋਣ ਲਈ ਗਏ। ਉੱਥੇ ਵੱਡੇ-ਵੱਡੇ ਸਿਆਸੀ ਲੀਡਰ ਆਏ ਹੋਏ ਸਨ। ਉਸ ਪਰਿਵਾਰ ਦੀਆਂ ਵੋਟਾਂ ਕਾਫ਼ੀ ਸਨ। ਉਹ ਸਿਆਸੀ ਬੰਦੇ ਉੱਠ ਕੇ ਬੜੀਆਂ ਸਿਫ਼ਤਾਂ ਕਰਨ ਕਿ ਇਸ ਬਜ਼ੁਰਗ ਦੀ ਮੌਤ ਕਾਰਨ ਪੰਜਾਬ ਨੂੰ ਬਹੁਤ ਵੱਡਾ ਘਾਟਾ ਪੈ ਗਿਆ ਹੈ। ਇਹ ਘਾਟਾ ਵਾਹਿਗੁਰੂ ਹੀ ਪੂਰਾ ਕਰਨ ਤਦ ਪੂਰਾ ਹੋ ਸਕਦਾ ਹੈ ਵਰਨਾ ਇਹ ਘਾਟਾ ਪੂਰਾ ਹੋਣ ਵਾਲਾ ਨਹੀਂ ਹੈ। ਜਦੋਂ ਸਾਰੇ ਬੋਲ ਹਟੇ ਤਾਂ ਉਹਨਾਂ ਨੇ ਸਾਨੂੰ ਵੀ ਬੋਲਣ ਲਈ ਕਿਹਾ। ਅਸੀਂ ਉੱਠ ਕੇ ਕਿਹਾ ਕਿ ਅਸੀਂ ਬੋਲ ਤਾਂ ਦਿੰਦੇ ਹਾਂ ਪਰ ਸਾਨੂੰ ਏਦਾਂ ਦਾ ਡਰਾਮਾ ਕਰਨਾ ਨਹੀਂ ਆਉਣਾ। ਅਸੀਂ ਕਿਹਾ ਅਸੀਂ ਲੀਡਰਾਂ ਨੂੰ ਪੁੱਛਦੇ ਹਾਂ ਕਿ ਇਹ ਕਹਿੰਦੇ ਹਨ

ਕਿ ਪੰਜਾਬ ਨੂੰ ਵੱਡਾ ਘਾਟਾ ਪੈ ਗਿਆ ਹੈ। ਸਾਨੂੰ ਦੱਸ ਦੇਣ ਕਿ ਕੀ ਘਾਟਾ ਪਿਆ ਹੈ ? ਇੱਥੇ ਸਾਰੇ ਬਜ਼ੁਰਗ ਅਤੇ ਪਾਤਿਸ਼ਾਹੀਆਂ ਵੀ ਆਈਆਂ ਅਤੇ ਉਹ ਵੀ ਚਲੇ ਗਏ। ਤੁਸੀਂ ਇਸ ਜੀਵ ਦੇ ਨੇਕ ਕੰਮ ਦੇਖੋ ਕਿ ਇਸ ਨੇ ਨੇਕ ਕੰਮ ਕਿਹੜੇ ਕੀਤੇ ਹਨ। ਅਸੀਂ ਕਿਹਾ ਇਹ ਸਾਡੇ ਪੁਰਾਣੇ ਰਿਸ਼ਤੇਦਾਰ ਹਨ। ਅਸੀਂ ਜਿਸ ਦਿਨ ਵੀ ਇਹਨਾਂ ਨੂੰ ਮਿਲਨ ਲਈ ਆਉਂਦੇ ਸੀ ਇਹ ਬਜ਼ੁਰਗ ਸ਼ਰਾਬ ਪੀ ਕੇ ਗਾਲਾਂ ਕੱਢ ਰਿਹਾ ਹੁੰਦਾ ਸੀ ਅਤੇ ਰਸੋਈ ਵਿੱਚੋਂ ਭਾਂਡੇ ਚੁੱਕ-ਚੁੱਕ ਕੇ ਬਾਹਰ ਸੁੱਟ ਰਿਹਾ ਹੁੰਦਾ ਸੀ। ਸਾਰਾ ਟੱਬਰ ਨੁੱਕਰੇ ਲੱਗਾ ਹੁੰਦਾ ਸੀ। ਇਹ ਗਾਲਾਂ ਕੱਢ ਕੇ ਕਹਿੰਦਾ ਹੁੰਦਾ ਸੀ ਕਿ ਮੈਂ ਗੁਰਦੁਆਰੇ ਦੇ ਨਾਮ ਜਮੀਨ ਲਗਵਾ ਕੇ ਤੁਹਾਨੂੰ ਭੀਖ ਮੰਗਵਾ ਦੇਊਂ। ਹੁਣ ਸਾਨੂੰ ਇਹ ਦੱਸੋ ਕਿ ਜਿਹਨਾਂ ਨੇ ਸਿਫ਼ਤਾਂ ਕੀਤੀਆਂ ਹਨ ਇਹਨਾਂ ਨੇ ਕਦੇ ਨੇੜੇ ਹੋ ਕੇ ਦੇਖਿਆ ਸੀ ਕਿ ਬਾਪੂ ਕੀ ਕਰਦਾ ਹੁੰਦਾ ਸੀ ? ਸਿਆਸੀ ਲੋਕ ਵੋਟਾਂ ਲੈਣ ਲਈ ਸਿਫਤਾਂ ਕਰੀ ਜਾਂਦੇ ਹਨ ਅਤੇ ਰਾਗੀ ਸਿੰਘ ਇਸ ਕਰਕੇ ਸਿਫ਼ਤਾਂ ਕਰਦੇ ਹਨ ਕਿਉਂਕਿ ਜਦੋਂ ਤੱਕ ਉਹ ਸਿਫ਼ਤਾਂ ਨਾ ਕਰਨਗੇ ਧੀਆਂ, ਜਵਾਈਆਂ ਨੇ ਉੱਠ ਕੇ ਪੈਸੇ ਨਹੀਂ ਦੇਣੇ। ਰਾਗੀ ਕਹਿਣ ਕਿ ਇਹ ਬਜ਼ੁਰਗ ਬੜਾ ਗਿਆਨੀ ਧਿਆਨੀ ਸੀ। ਇਹ ਸਵੇਰੇ ਪਾਠ ਕਰਨ ਤੋਂ ਬਿਨਾਂ ਮੂੰਹ ਵਿੱਚ ਪਾਣੀ ਨਹੀਂ ਸੀ ਪਾਉਂਦਾ। ਅਸੀਂ ਕਿਹਾ ਇਸ ਬਜ਼ੁਰਗ ਨੇ ਸਿਰਹਾਣੇ ਸ਼ਰਾਬ ਦੀ ਬੋਤਲ ਰੱਖੀ ਹੁੰਦੀ ਸੀ। ਸਵੇਰੇ ਉੱਠ ਕੇ ਬੈੱਡ-ਟੀ ਦੀ ਥਾਂ ਸ਼ਰਾਬ ਪੀ ਲੈਂਦਾ ਸੀ। ਅਸੀਂ ਕਿਹਾ ਕਿ ਉਸ ਦਾ ਚੰਗਾ ਕੰਮ ਇਹ ਸੀ ਕਿ ਉਹ ਜੀਵਨ ਵਿੱਚ ਜੋ ਮਰਜੀ ਕਰਦਾ ਰਿਹਾ ਪਰ ਉਸ ਨੇ ਔਲਾਦ ਵਧੀਆ ਪੜ੍ਹਾਈ ਸੀ। ਉਸਦਾ ਇਹ ਕੰਮ ਚੰਗਾ ਸੀ। ਇਸ ਕਰਕੇ ਅਸੀਂ ਉਸ ਤੋਂ ਇਹ ਸਿੱਖਿਆ ਲੈ ਲਈਏ ਕਿ ਆਪਣੇ ਬੱਚੇ ਵਧੀਆ ਪੜ੍ਹਾਉਣੇ ਹਨ। ਬਾਕੀ ਕੋਈ ਕੰਮ ਨਾ ਕਰਿਉ ਜੋ ਬਾਪੂ ਕਰਦਾ ਰਿਹਾ ਸੀ। ਫੇਰ ਉਸ ਪਰਿਵਾਰ ਨੇ ਵੀ ਉੱਠ ਕੇ ਕਿਹਾ ਕਿ ਬਿਲਕੁੱਲ ਸੱਚੀ ਗੱਲ ਹੈ। ਸੋਈ ਅੱਜ ਦੇ ਯੁੱਗ ਵਿੱਚ ਜਾਂ ਪਿੱਛੇ ਵੀ ਜਦੋਂ ਜੀਵ ਮਰ ਜਾਂਦਾ ਹੈ, ਲੈਕਚਰ ਕਰਨ ਵਾਲੇ ਉਸ ਨੂੰ ਸੱਚਖੰਡ ਤੋਂ ਥੱਲੇ ਖੜ੍ਹਾ ਹੀ ਨਹੀਂ ਕਰਦੇ। ਜਿਸ ਤਰ੍ਹਾਂ ਸੱਚਖੰਡ ਦੀ ਪੌੜੀ ਮਰਨ ਤੋਂ ਬਾਅਦ ਹੀ ਲੱਭਦੀ ਹੈ। ਜਿਉਂਦੇ ਜੀਅ ਉਹ ਪੌੜੀ ਲੱਭਦੀ ਹੀ ਨਹੀਂ ਹੈ। ਪਰ ਸਾਨੂੰ ਹਮੇਸ਼ਾਂ ਆਪਣੇ ਅਮਲਾਂ ਵੱਲ ਧਿਆਨ ਕਰਨਾ ਚਾਹੀਦਾ ਹੈ।

*ਅਮਲਾਂ ਤੇ ਹੋਣੇ ਨੇ ਨਿਬੇੜੇ ਜਾਤ ਕਿਸੇ ਪੁੱਛਣੀ ਨਹੀਂ।*

ਕਿਸੇ ਨੇ ਉੱਚੀ ਜਾਤ ਜਾਂ ਕੁਲ ਨੂੰ ਨਹੀਂ ਪੁੱਛਣਾ। ਜੋ ਜੀਵ ਸਿਮਰਨ ਕਰਨਗੇ ਉਹੋ ਹੀ ਬਖ਼ਸ਼ੇ ਜਾਣਗੇ। ਹਜ਼ੂਰ ਪੰਜਵੇਂ ਪਾਤਿਸ਼ਾਹ ਹਰ ਤੁਕ ਵਿੱਚ ਫੁਰਮਾਅ ਰਹੇ ਹਨ ਕਿ ਬੇਸ਼ੱਕ

*ਸਾਚਾ ਸਾਹਿਬ ਬਾਪ ਹਮਾਰਾ*

ਅਸੀਂ ਜਿਸ ਨੂੰ ਸੱਚਾ ਸਾਹਿਬ ਕਹਿ ਰਹੇ ਹਾਂ ਉਹ ਸਾਡਾ ਬਾਪ ਹੀ ਹੈ ਅਸੀਂ ਹੋਰ ਕਿਸੇ ਨੂੰ ਨਹੀਂ ਕਹਿ ਰਹੇ। ਕਿਉਂਕਿ ਬਾਪ ਜਾਂ ਪਰਿਵਾਰ ਉੱਪਰ ਭਰੋਸਾ ਆਉਣਾ ਬਹੁਤ ਔਖਾ ਹੁੰਦਾ ਹੈ। ਬੇਗਾਨੇ ਥਾਂ ਦੇ ਚੰਗੇ-ਮਾੜੇ ਜੀਵ ਨੂੰ ਲੋਕ ਮੰਨ ਲੈਂਦੇ ਹਨ ਪਰ ਆਪਣੇ ਪਰਿਵਾਰ ਵਾਲੇ ਨਹੀਂ ਮੰਨਦੇ। ਸਿਆਣੇ ਕਹਿੰਦੇ ਸਨ ਕਿ ਘਰ ਦੇ ਜੰਮੇ ਡੰਗਰ, ਮੱਝ, ਗਊ, ਬਲਦ ਦੇ ਦੰਦ ਨਹੀਂ ਦੇਖੇ ਜਾਂਦੇ ਸੀ ਕਿ ਇਹ ਖੀਰਾ, ਦੋਦਾ, ਚੌਗਾ ਹੋ ਗਿਆ ਹੈ ਕਿਉਂਕਿ ਡੰਗਰਾਂ ਦੇ ਦੰਦ ਦੇਖ ਕੇ ਉਹਨਾਂ ਦੀ ਉਮਰ ਦੇਖੀ ਜਾਂਦੀ ਹੈ। ਅਤੇ ਬੱਚਿਆਂ ਦੇ ਵੀ ਪਹਿਲੇ ਦੰਦ ਉਖੜ ਕੇ ਦੁਬਾਰਾ ਉੱਗਦੇ ਹਨ। ਪਰਿਵਾਰ ਨੂੰ ਉਂਝ ਹੀ ਪਤਾ ਹੁੰਦਾ ਹੈ ਕਿ ਇਹ ਪਸ਼ੂ ਜਾਂ ਬੱਚਾ ਐਨੇ ਸਾਲ ਦਾ ਹੋ ਗਿਆ ਹੈ। ਇਸੇ ਕਰਕੇ ਕਿਸੇ ਨੇ ਕਿਹਾ ਹੈ ਕਿ

*ਘਰਦਿਆਂ ਦੇ ਜੰਮਿਆਂ ਦੇ ਦੰਦ ਨਹੀਂ ਗਿਣੇ ਜਾਂਦੇ।*

ਜੋ ਭੇਦ ਤੁਹਾਨੂੰ ਪਰਿਵਾਰ ਤੋਂ ਵਧੀਆ ਮਿਲ ਸਕਦਾ ਹੈ ਬਾਹਰੋਂ ਨਹੀਂ ਮਿਲ ਸਕਦਾ। ਹਜ਼ੂਰ ਪੰਜਵੇਂ ਪਾਤਿਸ਼ਾਹ ਫ਼ੁਰਮਾਨ ਕਰ ਰਹੇ ਹਨ ਕਿ ਮੇਰੇ ਸਤਿਗੁਰ ਦੀਨਾਂ ਦੇ ਦਿਆਲੂ ਅਤੇ ਕਿਰਪਾਲੂ ਹਨ। ਉਹਨਾਂ ਤੋਂ ਹਮੇਸ਼ਾਂ ਬਖ਼ਸ਼ਿਸ਼ ਹੀ ਮੰਗਿਉ। ਉਹ ਹਰ ਸਮੇਂ ਹੀ ਬਖ਼ਸ਼ਦੇ ਹਨ। ਸਾਡੇ ਹਜ਼ੂਰ ਫ਼ੁਰਮਾਇਆ ਕਰਦੇ ਸੀ ਕਿ ਤੁਸੀਂ ਤਜਰਬਾ ਕਰਕੇ ਦੇਖਿਉ ਬਹੁਤ ਸਾਰੀਆਂ ਐਸੀਆਂ ਮਿਸਾਲਾਂ ਹੁੰਦੀਆਂ ਹਨ ਜਿਹਨਾਂ ਦਾ ਤਜਰਬਾ ਕਰਕੇ ਪਤਾ ਚੱਲ ਸਕਦਾ ਹੈ। ਤੁਸੀਂ ਦੋ ਜਗ੍ਹਾ ਅੱਗ ਬਾਲ ਲਇਉ। ਇੱਕ ਜਗ੍ਹਾ ਉਬਲਦਾ ਪਾਣੀ ਸੁੱਟਿਉ ਉਹ ਵੀ ਅੱਗ ਬੁਝ ਜਾਣੀ ਹੈ, ਇੱਕ ਜਗਾਹ ਠੰਢਾ ਪਾਣੀ ਸੁੱਟਿਉ ਉੱਥੇ ਵੀ ਅੱਗ ਬੁਝ ਜਾਣੀ ਹੈ।

*ਈਂਧਨ ਤੇ ਬੈਸੰਤਰੁ ਭਾਗੈ ॥ (ਅੰਗ 900)*

ਗੁਰਬਾਣੀ ਵਿੱਚ ਦਰਜ ਹੈ ਕਿ ਲੱਕੜ ਨਾਲ ਅੱਗ ਬੁਝਦੀ ਹੈ। ਉੱਥੇ ਜਾ ਕੇ ਅਸੀਂ ਭੁਲੇਖਾ ਖਾ ਜਾਂਦੇ ਹਾਂ ਕਿ ਲੱਕੜ ਨਾਲ ਅੱਗ ਕਿਵੇਂ ਬੁਝ ਸਕਦੀ ਹੈ। ਅਗਰ ਕਿਤੇ ਅੱਗ ਲੱਗ ਜਾਂਦੀ ਹੈ ਤੁਹਾਡੇ ਕੋਲ ਕੋਈ ਮੋਟੀ ਫੱਟੀ, ਲੱਕੜ ਥਾਪੀ ਹੈ ਅਗਰ ਉਸ ਨੂੰ ਤੁਸੀਂ ਅੱਗ ਉੱਪਰ ਪੰਜ-ਸੱਤ ਵਾਰ ਮਾਰ ਦਿਉ ਤਾਂ ਅੱਗ ਬੁਝ ਜਾਂਦੀ ਹੈ। ਅਗਰ ਅਸੀਂ ਲਕੜੀ ਨੂੰ ਅੱਗ ਬਾਲਣ ਦੇ ਤਰੀਕੇ ਨਾਲ ਰੱਖਾਂਗੇ ਫੇਰ ਅੱਗ ਹੋਰ ਬਲੇਗੀ। ਅਗਰ ਉਸ ਅੱਗ ਨੂੰ ਲੱਕੜ ਨਾਲ ਦੱਬਾਂਗੇ ਫੇਰ ਵੀ ਅੱਗ ਬੁਝ ਸਕਦੀ ਹੈ। ਸਾਧੂ ਕਈ ਵਾਰ ਪਟੋਕੀ ਮਾਰ ਕੇ ਅੱਗ ਬੁਝਾਉਂਦੇ ਹਨ। ਕਈ ਵਾਰ ਗਰਮ ਪਾਣੀ ਪਾ ਕੇ ਭਾਵ ਗੁੱਸੇ ਹੋ ਕੇ ਅੱਗ ਬੁਝਾਉਂਦੇ ਹਨ। ਅਤੇ ਕਈ ਵਾਰ ਠੰਢਾ ਪਾਣੀ ਪਾ ਕੇ ਅੱਗ ਬੁਝਾਉਂਦੇ ਹਨ। ਜੀਵ ਨੂੰ ਕੁਝ ਵੀ ਪਤਾ ਨਹੀਂ ਹੁੰਦਾ ਕਿ ਮੇਰੇ ਕਰਮ ਮੇਰੇ ਭਾਗ ਕਿਸ ਤਰ੍ਹਾਂ ਵਿਗੜ ਰਹੇ ਹਨ ਜਾਂ ਮੇਰਾ ਕੀ ਕਰਮ ਚੱਲ ਰਿਹਾ ਹੈ। ਉਹ ਜੀਵ ਰੋਸ ਕਰਦਾ ਹੈ ਪਰ ਮਾਲਿਕ ਦਿਆਲੂ ਹੁੰਦੇ ਹਨ। ਹਮੇਸ਼ਾਂ ਉਹਨਾਂ ਦੀ ਨਦਰ ਦੀ ਦਾਤ ਮੰਗਦੇ ਰਹੋ। ਉਹ ਹਮੇਸ਼ਾਂ ਕਿਰਪਾ ਕਰਦੇ ਆਏ ਹਨ ਅਤੇ ਅਗਾਂਹ ਵੀ ਕਰਦੇ ਰਹਿਣਗੇ।

**ਗੁਰਿ ਪੂਰੇ ਕਿਰਪਾ ਕਰੀ ਕਾਟਿਆ ਦੁਖੁ ਰੋਗੁ ॥**

ਮੇਰੇ ਸਤਿਗੁਰ ਨੇ ਕਿਰਪਾ ਕਰਕੇ ਮੇਰੇ ਸਾਰੇ ਪੁਰਾਣੇ ਕਰਮਾਂ ਦੇ ਦੁਖ ਅਤੇ ਰੋਗ ਨਵਿਰਤ ਕਰ ਦਿੱਤੇ ਹਨ।

**ਮਨੁ ਤਨੁ ਸੀਤਲੁ ਸੁਖੀ ਭਇਆ**
**ਪ੍ਰਭ ਧਿਆਵਨ ਜੋਗੁ ॥੧॥ ਰਹਾਉ ॥**

ਮੇਰਾ ਮਨ ਅਤੇ ਤਨ ਸੀਤਲ ਹੋ ਗਿਆ ਹੈ ਅਤੇ ਹੁਣ ਮੇਰੇ ਚਿਤ ਵਿੱਚ ਆਉਂਦਾ ਹੈ ਕਿ ਮੈਂ ਮਾਲਿਕ ਦੀ ਅਰਾਧਨਾ ਅਤੇ ਸਿਮਰਨ ਕਰਾਂ।

**ਅਉਖਧੁ ਹਰਿ ਕਾ ਨਾਮੁ ਹੈ ਜਿਤੁ ਰੋਗੁ ਨ ਵਿਆਪੈ ॥**

ਅਉਖਧੁ ਦਵਾਈ ਨੂੰ ਕਿਹਾ ਗਿਆ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਰੱਬ ਦਾ ਨਾਮ ਇੱਕ ਵਧੀਆ ਦਵਾਈ ਹੈ ਜੋ ਇਹ ਦਵਾਈ ਲੈਂਦਾ ਹੈ ਉਸ ਨੂੰ ਦੁੱਖ ਨਹੀਂ ਲੱਗ ਸਕਦਾ।

**ਸਾਧਸੰਗਿ ਮਨਿ ਤਨਿ ਹਿਤੈ ਫਿਰਿ ਦੂਖੁ ਨ ਜਾਪੈ ॥੨॥**

ਅਗਰ ਪ੍ਰਾਣੀ ਸਾਧੂ ਨਾਲ ਅੱਛਾ ਹਿੱਤ ਅਤੇ ਪਿਆਰ ਰੱਖੇ ਫੇਰ ਉੱਥੇ ਕੋਈ ਦੁਖ ਨਹੀਂ ਆ ਸਕਦਾ।

**ਹਰਿ ਹਰਿ ਹਰਿ ਹਰਿ ਜਾਪੀਐ ਅੰਤਰਿ ਲਿਵ ਲਾਈ ॥**

ਅੰਦਰ ਧਿਆਨ ਲਾ ਕੇ ਉਸ ਮਾਲਿਕ ਦਾ ਸਿਮਰਨ ਕਰਨਾ ਚਾਹੀਦਾ ਹੈ।

*ਜੇ ਲੋੜਹਿ ਸਦਾ ਸੁਖੁ ਭਾਈ ॥*
*ਸਾਧੂ ਸੰਗਤਿ ਗੁਰਹਿ ਬਤਾਈ ॥ (ਅੰਗ 1182)*

ਸੁਖ ਦੀ ਪ੍ਰਾਪਤੀ ਲਈ ਸਾਧੂ ਦੀ ਸੰਗਤ ਜ਼ਰੂਰ ਕਰਨੀ ਚਾਹੀਦੀ ਹੈ। ਪਰ ਲਿਵ ਲਾ ਕੇ ਕਰਨੀ ਚਾਹੀਦੀ ਹੈ।

**ਕਿਲਵਿਖ ਉਤਰਹਿ ਸੁਧੁ ਹੋਇ ਸਾਧੂ ਸਰਣਾਈ ॥੩॥**

ਜਦੋਂ ਜੀਵ ਸਾਧੂ ਦੀ ਸੰਗਤ ਵਿੱਚ ਆਉਂਦੇ ਹਨ ਫੇਰ ਕਿਲਵਿਖ ਭਾਵ ਇੱਕ ਸਕਿੰਟ ਵਿੱਚ ਸਾਰੇ ਕੰਮ ਠੀਕ ਹੋ ਜਾਂਦੇ ਹਨ, ਸਾਰੇ ਕਾਰਜ ਰਾਸ ਹੋ ਜਾਂਦੇ ਹਨ।

**ਸੁਨਤ ਜਪਤ ਹਰਿ ਨਾਮ ਜਸੁ ਤਾ ਕੀ ਦੂਰਿ ਬਲਾਈ ॥**

ਜੋ ਜੀਵ ਗੁਰਬਾਣੀ ਦਾ ਯਸ਼ ਸੁਣਦਾ ਹੈ ਜਾਂ ਜਾਪ ਕਰਦਾ ਹੈ, ਉਸ ਦਾ ਹਜ਼ੂਰ ਪਾਰ ਉਤਾਰਾ ਕਰ ਦਿੰਦੇ ਹਨ।

*ਊਚ ਅਪਾਰ ਬੇਅੰਤ ਸੁਆਮੀ*
*ਕਉਣੁ ਜਾਣੈ ਗੁਣ ਤੇਰੇ ॥*
*ਗਾਵਤੇ ਉਧਰਹਿ ਸੁਣਤੇ ਉਧਰਹਿ*
*ਬਿਨਸਹਿ ਪਾਪ ਘਨੇਰੇ ॥*
*ਪਸੂ ਪਰੇਤ ਮੁਗਧ ਕਉ ਤਾਰੇ*
*ਪਾਹਨ ਪਾਰਿ ਉਤਾਰੈ ॥*
*ਨਾਨਕ ਦਾਸ ਤੇਰੀ ਸਰਣਾਈ*
*ਸਦਾ ਸਦਾ ਬਲਿਹਾਰੈ ॥੪॥ (ਅੰਗ 802)*

ਕਈ ਕਹਿੰਦੇ ਹਨ ਕਿ ਭੂਤ ਪ੍ਰੇਤ ਨਹੀਂ ਹਨ। ਪਰ ਜੋ ਅਵਗਤ ਰੂਹਾਂ ਹੁੰਦੀਆਂ ਹਨ ਉਹ ਪਰੇਤ ਬਣ ਕੇ ਤੁਰੀਆਂ ਫਿਰਦੀਆਂ ਰਹਿੰਦੀਆਂ ਹਨ। ਜਦੋਂ ਕਿਸੇ ਘਰ ਵਿੱਚ ਪ੍ਰੇਤਾਂ ਦਾ ਐਕਸ਼ਨ ਹੁੰਦਾ ਹੈ ਅਤੇ ਉਹਨਾਂ ਦਾ ਕੋਈ ਗੁਆਂਢੀ ਜਾਂ ਰਿਸ਼ਤੇਦਾਰ ਸਾਧੂ ਦੀ ਸੰਗਤ ਕਰਦਾ ਹੈ ਤਾਂ ਪ੍ਰੇਤ ਉਸ ਉੱਪਰ ਬਹੁਤ ਐਕਸ਼ਨ ਕਰਦੇ ਹਨ। ਉਹ ਪ੍ਰੇਤ ਐਕਸ਼ਨ ਇਸ ਕਰਕੇ ਕਰਦੇ ਹਨ ਕਿ ਇਹ ਸਾਡੇ ਪਰਿਵਾਰ ਨੂੰ ਵੀ ਸੰਤਾਂ ਕੋਲ ਲੈ ਕੇ ਜਾਣ। ਜਿਹਨਾਂ ਨੂੰ ਅਸੀਂ ਫੜਿਆ ਹੈ ਉਹ ਸੰਤਾਂ ਕੋਲੋਂ ਸਤਿਸੰਗ ਸੁਣਨ ਅਤੇ ਸਾਡੀ ਗਤੀ ਹੋ ਜਾਵੇ। ਫਰਜ ਕਰੋ ਕਿਸੇ ਬੀਬੀ ਜਾਂ ਪੁਰਸ਼ ਉੱਪਰ ਨਾਗ ਜਾਂ ਭੂਤਾਂ ਪ੍ਰੇਤਾਂ ਦਾ ਪਹਿਰਾ ਹੈ। ਕਈ ਵਾਰ ਉਹ ਐਕਸ਼ਨ ਵਧ ਜਾਂਦਾ ਹੈ ਕਿਉਂਕਿ ਉਹ ਨਾਗ ਅਤੇ ਭੂਤ ਪ੍ਰੇਤ ਚਾਹੁੰਦੇ ਹਨ ਕਿ ਇਹ ਸੰਤਾਂ ਕੋਲ ਹੋਰ ਜਾਣ ਅਤੇ ਸਾਡੀ ਬੇਨਤੀ ਕਰਨ ਤਾਂ ਕਿ ਸਾਡੀ ਮੁਕਤੀ ਹੋ ਜਾਵੇ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅਗਰ ਪ੍ਰੇਤ ਵੀ ਬਾਣੀ ਸੁਣ ਲੈਂਦੇ ਹਨ ਤਦ ਉਹਨਾਂ ਨੂੰ ਵੀ ਮਾਨਸ ਜਨਮ ਮਿਲ ਜਾਂਦਾ ਹੈ। ਪਾਹਨ ਪੱਥਰ ਨੂੰ ਕਹਿੰਦੇ ਹਨ। ਅਸੀਂ ਬੁਲੰਦ ਅਵਾਜ ਨਾਲ ਕਹਿੰਦੇ ਹਾਂ ਕਿ ਅਗਰ ਚਾਰ ਦੀਵਾਰੀ ਪੱਥਰਾਂ ਦੀ ਹੋਈ ਹੈ ਜਿੱਥੇ ਤੱਕ ਇਸ ਬਾਣੀ ਦੀ ਅਵਾਜ ਜਾਂਦੀ ਹੈ, ਕੰਧਾਂ ਦੇ ਪੱਥਰ ਵੀ ਮਾਨਸ ਜਨਮ ਪ੍ਰਾਪਤ ਕਰ ਲੈਂਦੇ ਹਨ। ਫੇਰ ਜੀਵ ਉੱਪਰ ਬਹੁਤ ਕਿਰਪਾ ਹੁੰਦੀ ਹੈ ਪਰ ਜੀਵ ਬਾਂਸ ਬਣ ਕੇ ਗੁਰਬਾਣੀ ਸੁਣਦਾ ਹੈ ਤਦ ਮਾਰ ਖਾਂਦਾ ਹੈ। ਇਹ ਜੋ ਗੁਰਬਾਣੀ ਦਾ ਯਸ਼ ਹੋ ਰਿਹਾ ਹੈ ਇਹ ਕੀਰਤ ਹੈ।

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ (ਅੰਗ 642)*

ਜੋ ਇਸ ਤਰ੍ਹਾਂ ਯਸ਼ ਸੁਣਦੇ ਹਨ ਉੱਥੇ ਪੱਥਰਾਂ ਦਾ ਵੀ ਪਾਰ ਉਤਾਰਾ ਹੋ ਜਾਂਦਾ ਹੈ।

**ਮਹਾ ਮੰਤ੍ਰੁ ਨਾਨਕੁ ਕਥੈ ਹਰਿ ਕੇ ਗੁਣ ਗਾਈ ॥੪॥**

ਸਭ ਤੋਂ ਵੱਡਾ ਮੰਤਰ ਅਤੇ ਉਪਦੇਸ਼ ਇਹ ਹੈ ਕਿ ਜੋ ਜੀਵ ਹਰੀ ਨਾਮ ਦੀ ਕਥਾ ਸੁਣਦੇ ਹਨ ਜਾਂ ਸਿਮਰਨ ਕਰਦੇ ਹਨ ਉਹ ਹਮੇਸ਼ਾਂ ਬਖ਼ਸ਼ੇ ਜਾਂਦੇ ਰਹੇ ਹਨ ਅਤੇ ਅਗੋਂ ਵੀ ਬਖ਼ਸ਼ੇ ਜਾਣਗੇ।

## ਗਾਰੜੂ ਮੰਤ੍ਰ

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥
ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ ॥
ਨਾਨਕ ਸੇਈ ਉਬਰੇ ਜਿ ਸਚਿ ਰਹੈ ਲਿਵ ਲਾਇ ॥

*(ਗੂਜਰੀ ਕੀ ਵਾਰ ਮਹਲਾ ੩ ॥ ਪੰਨਾ 510)*

# ਸਤਿਸੰਗ

**ਰਾਮਕਲੀ ਮਹਲਾ 5 ॥ (ਅੰਗ 888)**

**ਪੰਚ ਸਬਦ ਤਹ ਪੂਰਨ ਨਾਦ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ ਸਾਡੇ ਹਿੱਤ ਵਾਸਤੇ ਭੇਦ ਬਖ਼ਸ਼ ਰਹੇ ਹਨ ਕਿ ਜਿੱਥੇ ਪੰਜ ਸ਼ਬਦਾਂ ਦਾ ਜਾਪ ਆ ਜਾਂਦਾ ਹੈ ਉੱਥੇ ਪੂਰਨ ਨਾਦ ਖੜਕਦੇ ਹਨ

*ਪੰਜ ਸਬਦ ਮਿਲਿ ਵਾਜਾ ਵਾਇਆ ॥ (ਅੰਗ 1057)*

ਤਥਾ

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਪੰਚ ਸਬਦ ਧੁਨਿਕਾਰ ਧੁਨਿ*
*ਤਹ ਬਾਜੈ ਸਬਦੁ ਨੀਸਾਣੁ ॥ (ਅੰਗ 1291)*

ਜਿੱਥੇ ਪੰਜ ਸ਼ਬਦ ਦਾ ਜਾਪ ਆਉਂਦਾ ਹੈ ਉੱਥੇ ਅੰਦਰ ਸੰਖਾਂ ਦੀ ਧੁਨ, ਘੰਟਿਆਂ ਦੀ ਧੁਨ, ਵਾਜੇ, ਨਾਦ ਸਭ ਖੜਕਦੇ ਸੁਣਾਈ ਦਿੰਦੇ ਹਨ। ਉੱਥੇ ਰਹਿਮਤ ਦੀਆਂ ਅਵਾਜ਼ਾਂ ਬਿਨਾਂ ਸਾਜ਼ਾਂ ਤੋਂ ਸੁਣਨ ਲਈ ਮਿਲਦੀਆਂ ਹਨ।

**ਅਨਹਦ ਬਾਜੇ ਅਚਰਜ ਬਿਸਮਾਦ ॥**

ਐਸੇ ਸ਼ਬਦ ਐਸੀਆਂ ਅਵਾਜ਼ਾਂ ਬਾਹਰ ਸੁਣਨ ਨੂੰ ਨਹੀਂ ਮਿਲਦੀਆਂ। ਐਨੇ ਵਧੀਆ ਸਾਜ਼ ਦੁਨਿਆਵੀ ਹਰਮੋਨੀਅਮ ਜਾਂ ਬੈਂਡ ਵਾਜੇ ਨਾਲ ਨਹੀਂ ਵੱਜਦੇ। ਪਰ ਉੱਥੇ ਬਹੁਤ ਵਧੀਆ ਕਿੰਗਰੀ ਸਾਜ ਅਤੇ ਦੂਜੇ ਸ਼ਬਦ ਸੁਣਦੇ ਹਨ ਜੋ ਇੱਥੇ ਦੁਨੀਆਂ ਵਿੱਚ ਨਹੀਂ ਸੁਣਨ ਨੂੰ ਮਿਲਦੇ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜੋ ਪ੍ਰਾਣੀ ਪੰਜ ਸ਼ਬਦ ਦਾ ਜਾਪ ਕਰਦੇ ਹਨ ਉਹਨਾਂ ਨੂੰ ਆਪਣੇ ਆਪ ਰਹਿਮਤ ਦੇ ਸ਼ਬਦ ਸੁਣਨੇ ਸ਼ੁਰੂ ਹੋ ਜਾਂਦੇ ਹਨ।

**ਕੇਲ ਕਰਹਿ ਸੰਤ ਹਰਿ ਲੋਗ ॥**

ਜੋ ਪੂਰਨ ਸੰਤ ਹਨ ਉਹਨਾਂ ਦੀ ਸੰਗਤ ਵਿੱਚ ਰਹਿ ਕੇ ਗੁਰਸਿੱਖ ਅਤੇ ਜੀਵ ਵੀ ਖੁਸ਼ੀਆਂ ਮਾਣਦੇ ਹਨ।

**ਪਾਰਬ੍ਰਹਮ ਪੂਰਨ ਨਿਰਜੋਗ ॥੧॥**

ਉਹ ਕਿਸੇ ਯੋਗਤਾ ਦੇ ਮੁਥਾਜ ਨਹੀਂ ਹੁੰਦੇ ਕਿ ਉਹ ਪੜ੍ਹੇ ਲਿਖੇ ਹੋਣੇ ਚਾਹੀਦੇ ਹਨ ਜਾਂ ਉਹ ਪੀ.ਐਚ.ਡੀ., ਪੋਸਟ ਗਰੈਜੁਏਟ ਹੋਣ। ਕਿਉਂਕਿ ਜਿੰਨੇ ਵੀ ਪੂਰਨ ਸੰਤਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੋਈ ਹੈ, ਤੁਸੀਂ ਇਤਿਹਾਸ ਪੜ੍ਹ ਲਉ, ਪਹਿਲੀ ਗੱਲ ਉਹਨਾਂ ਵਿੱਚੋਂ ਕੋਈ ਸਕੂਲ ਨਹੀਂ ਗਏ ਸਨ। ਅਗਰ ਗਏ ਵੀ ਹੋਏ ਤਦ ਕਿਸੇ ਨੇ ਹਾਈ ਸਕੂਲ ਦੀ ਪੜ੍ਹਾਈ ਜਾਂ ਪੋਸਟ ਗਰੈਜੂਏਸ਼ਨ ਜਾਂ ਪੀ.ਐਚ.ਡੀ. ਨਹੀਂ ਕੀਤੀ ਸੀ। ਕਿਉਂਕਿ ਉਸ ਪੜ੍ਹਾਈ ਦਾ ਇਸ ਪੜ੍ਹਾਈ ਨਾਲ ਕੋਈ ਵਾਸਤਾ ਨਹੀਂ ਹੈ। ਇਹ ਦੁਨਿਆਵੀ ਪੜ੍ਹਾਈ ਤੀਸਰੀ ਅੱਖ ਜ਼ਰੂਰ ਹੈ। ਇਸ ਸਦਕਾ ਅਸੀਂ ਸੰਤਾਂ ਦੀ ਰਚਨਾ ਕੀਤੀ ਹੋਈ ਗੁਰਬਾਣੀ ਨੂੰ ਪੜ੍ਹ ਸਕਦੇ ਹਾਂ, ਇਸ ਉੱਤੇ ਸੋਚ ਵਿਚਾਰ ਕਰ ਸਕਦੇ ਹਾਂ। ਪਰ ਜੋ ਗੁਰਬਾਣੀ ਆਉਂਦੀ ਹੈ ਉਹ ਪੜ੍ਹਾਈ ਨਾਲ ਨਹੀਂ ਆਉਂਦੀ। ਉਹ ਤਾਂ

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ। (ਅੰਗ 722)*

ਉਹਨਾਂ ਨੇ ਜੋ ਧੁਰ ਕੀ ਬਾਣੀ ਸੁਣੀ ਉਸ ਦਾ ਵਖਿਆਨ ਕਰ ਦਿੱਤਾ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਐਸੀ ਬਖ਼ਸ਼ਿਸ਼ ਕਿਸੇ ਯੋਗਤਾ ਦੀ ਮੁਥਾਜ ਨਹੀਂ ਹੈ। ਸੰਤਾਂ ਨੂੰ ਉਹ ਬਾਣੀ ਪਾਰਬ੍ਰਹਮ ਤੋਂ ਨਾਜ਼ਲ ਹੁੰਦੀ ਸੀ। ਹੁਣ ਵੀ ਸਾਧੂ ਅਗਰ ਸਹਿਜ ਸੁਭਾਅ ਕੋਈ ਗੱਲ ਕਹਿਣ ਉਹ ਪੂਰੀ ਹੋ ਜਾਂਦੀ ਹੈ ਕਿਉਂਕਿ ਉਹ ਸੋਚ ਕੇ ਨਹੀਂ ਕਹਿ ਰਹੇ ਹੁੰਦੇ। ਮੂੰਹ ਵਿੱਚੋਂ ਸਹਿਵਨ ਹੀ ਅਵਾਜ ਨਿਕਲ ਜਾਂਦੀ ਹੈ ਅਤੇ ਉਹ ਅਵਾਜ ਅਟੱਲ ਹੋ ਜਾਂਦੀ ਹੈ।

*ਸਾਧੂ ਬੋਲੇ ਸਹਿਜ ਸੁਭਾਅ ॥*
*ਸਾਧ ਕਾ ਬੋਲਾ ਬਿਰਥਾ ਨ ਜਾ ॥*

ਜਿਸ ਨੇ ਜੀਵਨ ਸਾਧਿਆ ਹੁੰਦਾ ਹੈ ਉਸ ਦਾ ਬੋਲਿਆ ਬਿਰਥਾ ਨਹੀਂ ਜਾਂਦਾ।

**ਸੂਖ ਸਹਜ ਆਨੰਦ ਭਵਨ ॥**

ਉੱਥੇ ਹਮੇਸ਼ਾਂ ਸੁਖ, ਸ਼ਾਂਤੀ ਅਤੇ ਸਹਿਜ ਅਵਸਥਾ ਆ ਜਾਂਦੀ ਹੈ। ਉਹ ਭਵਨ, ਉਹ ਦੇਹਾਂ, ਉਹ ਘਰ, ਉਹ ਮੰਦਰ ਸੁਵਾਹਣੇ ਹੋ ਜਾਂਦੇ ਹਨ।

**ਸਾਧਸੰਗਿ ਬੈਸਿ ਗੁਣ ਗਾਵਹਿ**

**ਤਹ ਰੋਗ ਸੋਗ ਨਹੀ ਜਨਮ ਮਰਨ ॥੧॥ ਰਹਾਉ ॥**

ਜੋ ਜੀਵ ਸਾਧੂ ਦੀ ਸੰਗਤ ਵਿੱਚ ਬੈਠ ਕੇ ਯਸ਼ ਸੁਣਦੇ, ਕਰਦੇ, ਗਾਉਂਦੇ ਹਨ ਉਹ ਜਨਮ ਮਰਨ ਤੋਂ ਮੁਕਤ ਹੋ ਜਾਂਦੇ ਹਨ।

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥੨॥ (ਅੰਗ 749)*

ਸਾਧੂ ਦਾ ਮੁਖ ਲਕਸ਼ ਇਹ ਹੁੰਦਾ ਹੈ ਕਿ ਗੁਰਬਾਣੀ ਦੀ ਸੰਗਤ ਕਰਨ ਵਾਲਾ ਜੀਵ ਦੁਬਾਰਾ ਜਨਮ ਨਾ ਲਵੇ। ਮਾਨਸ ਜਨਮ ਵਿੱਚ ਆਉਣ ਤੋਂ ਬਾਅਦ ਸਿੱਧਾ ਮਾਲਿਕ ਦੇ ਚਰਨਾਂ ਵਿੱਚ ਜਾਵੇ। ਕਿਉਂਕਿ ਇਸ ਦੇਸ ਵਿੱਚ ਜਦੋਂ ਆਉਣ ਜਾਣ

ਬਣਦਾ ਹੈ ਫੇਰ ਜੀਵ ਕੂਕਰ ਸੂਕਰ ਕਈ ਜਨਮ ਲੈਂਦਾ ਹੈ। ਇਸ ਕਰਕੇ ਜਿੰਨੇ ਵੀ ਸਾਧੂ ਸੰਤ ਹੋਏ ਹਨ ਉਹਨਾਂ ਨੇ ਮਾਲਿਕ ਕੋਲ ਇਹੋ ਬੇਨਤੀ ਕੀਤੀ ਹੈ ਕਿ

*ਕਹੈ ਕਬੀਰ ਸੁਨਹੁ ਰੇ ਸੰਤਹੁ*
*ਖੇਤ ਹੀ ਕਰਹੁ ਨਿਬੇਰਾ ॥*
*ਅਬ ਕੀ ਬਾਰ ਬਖਸਿ ਬੰਦੇ ਕਉ*
*ਬਹੁਰਿ ਨ ਭਉਜਲਿ ਫੇਰਾ ॥ (ਅੰਗ 1104)*

ਸੱਚੇ ਪਾਤਿਸ਼ਾਹੋ! ਸਾਨੂੰ ਦੁਬਾਰਾ ਦੁਨੀਆਂ ਵਿੱਚ ਨਾ ਭੇਜਿਉ। ਸੰਤਾਂ ਨੇ ਇਸ ਤਰ੍ਹਾਂ ਦੀਆਂ ਬੇਨਤੀਆਂ ਇਸ ਕਰਕੇ ਕੀਤੀਆਂ ਕਿਉਂਕਿ ਗੁਰਬਾਣੀ ਜੀਵ ਨੂੰ ਜਨਮ ਮਰਨ ਤੋਂ ਮੁਕਤ ਕਰਦੀ ਹੈ।

**ਊਹਾ ਸਿਮਰਹਿ ਕੇਵਲ ਨਾਮੁ ॥**
**ਬਿਰਲੇ ਪਾਵਹਿ ਓਹੁ ਬਿਸ੍ਰਾਮੁ ॥**

ਸਤਿਸੰਗੀ ਪ੍ਰਾਣੀ ਨੇ ਦੂਸਰੇ ਜੀਵਾਂ ਨੂੰ ਕਿਹਾ ਕਿ ਚਲੋ ਉੱਥੇ ਚੱਲਦੇ ਹਾਂ ਜਿੱਥੇ ਸਾਧੂ ਯਸ਼ ਕਰਦੇ ਹਨ ਵੱਡੇ-ਵੱਡੇ ਹਾਲ ਬਣੇ ਹਨ, ਸੁੰਦਰ ਗਲੀਚੇ ਵਿਛੇ ਹਨ। ਉੱਥੇ ਜਾ ਕੇ ਸੇਵਾ ਕਰਨ ਨਾਲ ਬਹੁਤ ਲਾਭ ਹੁੰਦਾ ਹੈ। ਵਿੱਚੋਂ ਇੱਕ ਸ਼ਰਾਬੀ ਪ੍ਰਾਣੀ ਉਸ ਜੀਵ ਨੂੰ ਪੁੱਛਣ ਲੱਗਾ ਕਿ ਉੱਥੇ ਬਾਕੀ ਚੀਜ਼ਾਂ ਤਾਂ ਠੀਕ ਹਨ ਪਰ ਕੀ ਪੈੱਗ ਵੀ ਪੀਣ ਲਈ ਮਿਲਦਾ ਹੈ? ਉਸ ਜੀਵ ਨੇ ਕਿਹਾ ਓਥੇ ਪੈੱਗ ਨਹੀਂ ਮਿਲਦੇ। ਸ਼ਰਾਬੀ ਕਹਿਣ ਲੱਗਾ ਫੇਰ ਉਹ ਕਾਹਦਾ ਸਵਰਗ ਅਤੇ ਸੁੰਦਰ ਮਕਾਨ ਹਨ। ਹੁਣ ਕਈਆਂ ਵਿਆਹਾਂ ਵਿੱਚ ਉਹਨਾਂ ਦੇ ਭੈਣ ਭਰਾ ਅਤੇ ਰਿਸ਼ਤੇਦਾਰ ਕਹਿੰਦੇ ਹਨ ਕਿ ਅਗਰ ਵਿਆਹ ਵਿੱਚ ਸ਼ਰਾਬ ਨਹੀਂ ਪੀਣ ਦੇਣੀ ਫੇਰ ਅਸੀਂ ਬਰਾਤ ਨਹੀਂ ਜਾਣਾ। ਕਿਉਂਕਿ ਬਰਾਤੇ ਤਾਂ ਸ਼ਰਾਬ ਪੀਣ ਅਤੇ ਪੈੱਗ ਮਾਰਨ ਜਾਈਦਾ ਹੈ। ਅਗਰ ਸ਼ਰਾਬ ਨਹੀਂ ਪੀਣੀ ਫੇਰ ਕੀ ਉੱਥੇ ਖੇਹ ਖਾਣ ਜਾਣਾ ਹੈ? ਐਸੇ ਜੀਵ ਪਸ਼ੂ ਬਿਰਤੀ ਵਾਲੇ ਹੁੰਦੇ ਹਨ।

*ਕਰਤੂਤਿ ਪਸੂ ਕੀ ਮਾਨਸ ਜਾਤਿ ॥*
*ਲੋਕ ਪਚਾਰਾ ਕਰੈ ਦਿਨੁ ਰਾਤਿ ॥ (ਅੰਗ 267)*

ਤਥਾ

*ਖਸਮੁ ਵਿਸਾਰਹਿ ਤੇ ਕਮਜਾਤਿ ॥*
*ਨਾਨਕ ਨਾਵੈ ਬਾਝੁ ਸਨਾਤਿ ॥੪ ॥ (ਅੰਗ 349)*

ਕਿਸੇ ਨੇ ਸੂਰ ਨੂੰ ਕਿਹਾ ਕਿ ਤੈਨੂੰ ਵਧੀਆ ਜਗ੍ਹਾ ਲੈ ਕੇ ਚੱਲਦੇ ਹਾਂ ਉੱਥੇ ਬਾਗ, ਬਗੀਚੇ ਅਤੇ ਖਾਣ ਲਈ ਵਧੀਆ ਚੀਜ਼ਾਂ ਹਨ। ਸੂਰ ਕਹਿਣ ਲੱਗਾ ਕੀ ਉੱਥੇ ਖਾਣ ਲਈ ਗੰਦਗੀ ਹੈ? ਉਹਨਾਂ ਨੇ ਕਿਹਾ, ਨਹੀਂ। ਸੂਰ ਕਹਿਣ ਲੱਗਾ ਫੇਰ ਮੈਂ ਉੱਥੇ ਕੀ ਲੈਣ ਜਾਣਾ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜਿੱਥੇ ਸੰਤਾਂ ਦੀ ਸਭਾ ਹੁੰਦੀ ਹੈ ਉੱਥੇ ਜਾ ਕੇ ਪੈੱਗ ਜਾਂ ਮੁਰਗੇ ਨਹੀਂ ਮਿਲਣੇ। ਉੱਥੇ ਸਿਰਫ਼ ਗੁਰਬਾਣੀ ਦਾ ਯਸ਼ ਸੁਣਨ ਨੂੰ ਅਤੇ ਨਾਮ ਦੀ ਦਾਤ ਮਿਲਣੀ ਹੈ। ਪਰ ਜਿਹੜੇ ਜੀਵ ਇਹਨਾਂ ਚੀਜ਼ਾਂ ਨੂੰ ਪਸੰਦ ਨਹੀਂ ਕਰਦੇ ਉਹ ਐਸੇ ਥਾਵਾਂ ਤੇ ਜਾਣ ਲਈ ਤਿਆਰ ਨਹੀਂ ਹੁੰਦੇ। ਭਗਤੀ ਮਾਰਗ ਵਿੱਚ ਉਹੋ ਹੀ ਆਉਂਦਾ ਹੈ ਜੋ ਜ਼ੁਬਾਨ ਦੇ ਰਸਾਂ ਤੋਂ, ਨਸ਼ਿਆਂ ਤੋਂ, ਵਿਕਾਰਾਂ ਤੋਂ ਉੱਪਰ ਉੱਠਦਾ ਹੈ। ਸੱਚਖੰਡ ਵਿੱਚ ਹਰ ਥਾਂ ਸਿਰਫ਼ ਨਾਮ ਦਾ ਸਿਮਰਨ ਅਤੇ ਬੰਦਗੀ ਹੋ ਰਹੀ ਹੁੰਦੀ ਹੈ।

**ਭੋਜਨੁ ਭਾਉ ਕੀਰਤਨ ਆਧਾਰੁ ॥**
**ਨਿਹਚਲ ਆਸਨੁ ਬੇਸੁਮਾਰੁ ॥੨ ॥**

ਉੱਥੇ ਭਾਵ ਦਾ ਭੋਜਨ ਮਿਲਦਾ ਹੈ।

*ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥*
*ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥੮ ॥ (ਅੰਗ 236)*

ਉੱਥੇ ਕੀਰਤਨ ਦਾ ਭੋਜਨ ਮਿਲਦਾ ਹੈ।

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥ (ਅੰਗ 264)*

ਤੋਸਾ, ਭੋਜਨ ਅਤੇ ਖੁਰਾਕ ਨੂੰ ਕਹਿੰਦੇ ਹਨ। ਉੱਥੇ ਹੋਰ ਕੋਈ ਸੁਆਦਲੀਆਂ ਚੀਜ਼ਾਂ ਨਹੀਂ ਮਿਲਣੀਆਂ ਉੱਥੇ ਕੇਵਲ ਮਾਲਿਕ ਦੇ ਨਾਮ ਦਾ ਹੀ ਭੋਜਨ ਮਿਲਦਾ ਹੈ। ਉੱਥੇ ਜਿੰਨਾ ਜ਼ਿਆਦਾ ਭਾਵ ਰਖੋਗੇ ਓਨੀ ਜ਼ਿਆਦਾ ਬਖ਼ਸ਼ਿਸ਼ ਹੋਵੇਗੀ।

**ਡਿਗਿ ਨ ਡੋਲੈ ਕਤਹੂ ਨ ਧਾਵੈ ॥**
**ਗੁਰ ਪ੍ਰਸਾਦਿ ਕੋ ਇਹੁ ਮਹਲੁ ਪਾਵੈ ॥**

ਜਿਹੜਾ ਜੀਵ ਡਿੱਗ ਪੈਂਦਾ ਹੈ, ਡੋਲ ਜਾਂਦਾ ਹੈ ਉਹ ਮਾਰ ਖਾ ਜਾਂਦਾ ਹੈ। ਕਈ ਦਫ਼ਾ ਜੀਵ ਉੱਪਰ ਐਨੀ ਬਖ਼ਸ਼ਿਸ਼ ਹੋਣੀ ਹੁੰਦੀ ਹੈ ਕਿ ਸ਼ਾਇਦ ਦੁਨੀਆਂ ਵਿੱਚ ਆਉਣ ਤੱਕ ਉਸ ਨੂੰ ਪਤਾ ਹੀ ਨਾ ਹੋਵੇ ਕਿ ਮੇਰੀ ਦੁਨੀਆਂ ਵਿੱਚ ਕਿੰਨੀ ਜੈ ਜੈ ਕਾਰ ਹੈ। ਸਹਜੋ ਬਾਈ, ਮੀਰਾ ਬਾਈ, ਝਾਲਾਂ ਬਾਈ ਬਾਦਸ਼ਾਹਾਂ ਦੀਆਂ ਧੀਆਂ ਸਨ ਅਤੇ ਬਾਦਸ਼ਾਹਾਂ ਘਰੀਂ ਵਿਆਹੀਆਂ ਹੋਈਆਂ ਸਨ। ਉਹ ਹਜ਼ੂਰ ਗੁਰੂ ਰਵਿਦਾਸ ਜੀ ਮਹਾਰਾਜ ਦੀ ਸ਼ਰਨ ਵਿੱਚ ਗਈਆਂ। ਜਿੰਨੇ ਵੀ ਪੂਰਨ ਸੰਤ ਹੁੰਦੇ ਹਨ ਉਹ ਬਖ਼ਸ਼ਿਸ਼ ਕਰਨ ਤੋਂ ਪਹਿਲਾਂ ਪਰਖ ਲੈਂਦੇ ਹਨ। ਉਸ ਪਰਖ ਵਿੱਚ ਆਪਾਂ ਬਹੁਤੇ ਜੀਵ ਡਿੱਗ ਪੈਂਦੇ ਹਾਂ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜੋ ਜੀਵ ਡੋਲਦੇ ਨਹੀਂ ਹਨ ਉਹ ਬਖ਼ਸ਼ਿਸ਼ ਪ੍ਰਾਪਤ ਕਰ ਲੈਂਦੇ ਹਨ। ਤਦੇ ਸੰਤਾਂ ਨੇ ਫ਼ੁਰਮਾਇਆ ਹੈ ਕਿ

*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥੧ ॥*
*(ਅੰਗ 256)*

ਕਾਲ ਕੋਈ ਨਾ ਕੋਈ ਚੱਕਰ ਪਾ ਕੇ ਜੀਵ ਨੂੰ ਡੁਲਾ ਦਿੰਦਾ ਹੈ ਫੇਰ ਉੱਥੇ ਜੀਵ ਮਾਰ ਖਾ ਜਾਂਦਾ ਹੈ।

ਰਾਜਾ ਅੰਮਰੀਕ ਬਹੁਤ ਹੀ ਦਿਆਲੂ, ਕਿਰਪਾਲੂ ਅਤੇ ਦਾਨੀ ਸੀ। ਉਸ ਨੇ ਜੱਗ ਕਰਵਾਇਆ। ਸ਼੍ਰੀ ਕ੍ਰਿਸ਼ਨ ਜੀ ਮਹਾਰਾਜ ਦੇ

ਸਤਿਗੁਰੂ ਦੁਰਭਾਸ਼ਾ ਜੀ ਜਾਣ ਬੁੱਝ ਕੇ ਗੰਗਾ ਕਿਨਾਰੇ ਜਾ ਕੇ ਬੈਠ ਗਏ ਅਤੇ ਲੇਟ ਹੋ ਗਏ। ਰਾਜੇ ਅੰਮਰੀਕ ਨੇ ਗੰਗਾ ਜਲੀ ਮੂੰਹ ਵਿੱਚ ਪਾ ਲਈ ਅਤੇ ਜੱਗ ਸੰਪੂਰਨ ਕਰ ਲਿਆ। ਉਂਝ ਇਕਾਦਸ਼ੀ ਕਾਰਨ ਫੇਰ ਤਿੰਨ ਸਾਲ ਲਗਾਤਾਰ ਜਗ ਚੱਲਣਾ ਸੀ। ਦੁਰਭਾਸ਼ਾ ਜੀ ਨੂੰ ਰਾਜੇ ਅੰਮਰੀਕ ਨੇ ਕਿਹਾ ਕਿ ਆ ਕੇ ਭੋਜਨ ਦਾ ਭੋਗ ਲਗਾਉ। ਦੁਰਭਾਸ਼ਾ ਜੀ ਨੇ ਕਿਹਾ ਹੁਣ ਸਮਾਂ ਲੰਘ ਗਿਆ ਹੈ। ਪਰ ਰਾਜੇ ਅੰਮਰੀਕ ਨੇ ਕਿਹਾ ਮੈਂ ਗੰਗਾ ਜਲੀ ਮੂੰਹ ਵਿੱਚ ਪਾ ਕੇ ਜੱਗ ਸੰਪੂਰਨ ਕਰ ਲਿਆ ਸੀ। ਦੁਰਭਾਸ਼ਾ ਜੀ ਨੇ ਕ੍ਰੋਧ ਵਿੱਚ ਆ ਕੇ ਕਿਹਾ ਕਿ ਅਸੀਂ ਸਰਾਪ ਦਿੰਦੇ ਹਾਂ ਅਤੇ ਆਪਣੀ ਸ਼ਕਤੀ ਰਾਜੇ ਅੰਮਰੀਕ ਵੱਲ ਨੂੰ ਛੱਡੀ। ਰਾਜੇ ਅੰਮਰੀਕ ਨੇ ਆਪਣੇ ਸਤਿਗੁਰੂ ਅੱਗੇ ਬੇਨਤੀ ਕੀਤੀ ਕਿ ਹਜ਼ੂਰ ਮੇਰੀ ਰੱਖਿਆ ਕਰੋ।

ਤਦ ਉਹ ਸ਼ਕਤੀ ਵਾਪਸ ਦੁਰਭਾਸ਼ਾ ਜੀ ਦੇ ਮਗਰ ਭੱਜ ਤੁਰੀ। ਦੁਰਭਾਸ਼ਾ ਜੀ ਸ਼੍ਰੀ ਕ੍ਰਿਸ਼ਨ ਜੀ ਮਹਾਰਾਜ ਦੇ ਕੋਲ ਗਏ, ਸ਼੍ਰੀ ਰਾਮ ਚੰਦਰ ਜੀ ਮਹਾਰਾਜ ਦੇ ਕੋਲ ਗਏ, ਬ੍ਰਹਮਾ, ਵਿਸ਼ਨੂੰ, ਮਹੇਸ਼ ਕੋਲ ਗਏ। ਪਰ ਉਹਨਾਂ ਨੇ ਕਿਹਾ ਕਿ ਅਸੀਂ ਤੁਹਾਨੂੰ ਨਹੀਂ ਬਚਾ ਸਕਦੇ।

ਰਾਜਾ ਅੰਮਰੀਕ ਨੇ ਆਪਣੇ ਸਤਿਗੁਰ ਅੱਗੇ ਬੇਨਤੀ ਕੀਤੀ ਹੋਈ ਹੈ ਹੁਣ ਉਸ ਨੂੰ ਕੋਈ ਨਹੀਂ ਮੋੜ ਸਕਦਾ। ਦੁਰਭਾਸ਼ਾ ਜੀ ਨੇ ਪੁੱਛਿਆ ਹੁਣ ਇਸਦਾ ਕੀ ਉਪਾਅ ਹੈ? ਉਹ ਕਹਿਣ ਲੱਗੇ ਹੁਣ ਰਾਜੇ ਅੰਮਰੀਕ ਦੇ ਚਰਨਾਂ ਵਿੱਚ ਡਿੱਗ ਕੇ ਮੁਆਫ਼ੀ ਮੰਗ। ਦੁਰਭਾਸ਼ਾ ਜੀ ਨੇ ਰਾਜੇ ਅੰਮਰੀਕ ਦੇ ਚਰਨਾਂ ਵਿੱਚ ਡਿੱਗ ਕੇ ਬੇਨਤੀ ਕੀਤੀ ਕਿ ਤੇਰੇ ਸਤਿਗੁਰ ਦਾ ਵਾਸਤਾ ਈ ਮੈਨੂੰ ਬਖ਼ਸ਼ ਦੇ। ਜਦੋਂ ਉਸ ਨੇ ਗੁਰੂ ਦਾ ਵਾਸਤਾ ਦਿੱਤਾ ਤਦ ਰਾਜੇ ਅੰਮਰੀਕ ਨੇ ਕਿਹਾ ਹੇ ਸੱਚੇ ਪਾਤਿਸ਼ਾਹੋ! ਇਸ ਨੂੰ ਬਖ਼ਸ਼ ਦਿਉ। ਤਦ ਸ਼ਕਤੀ ਉੱਥੇ ਹੀ ਖਲੋ ਗਈ ਅਤੇ ਉਹ ਬਖ਼ਸ਼ਿਆ ਗਿਆ।

ਇੱਕ ਹੋਰ ਇਸੇ ਤਰ੍ਹਾਂ ਹੀ ਕਥਾ ਆਉਂਦੀ ਹੈ ਕਿ ਇੱਕ ਰਾਜਾ ਸੀ ਉਸ ਨੇ ਤਪੱਸਿਆ ਕੀਤੀ ਤਦ ਤਿੰਨੇ ਗੁਣ ਸਤੋ ਗੁਣ, ਤਮੋ ਗੁਣ, ਰਜੋ ਗੁਣ ਅਰਥਾਤ ਬ੍ਰਹਮਾ, ਵਿਸ਼ਨੂੰ, ਮਹੇਸ਼ ਉਸ ਦੀ ਪਰਖ ਲੈਣ ਲਈ ਉੱਥੇ ਚਲੇ ਗਏ। ਇੱਕ ਮਾਇਆ ਰੂਪੀ ਸ਼ੇਰ ਨੂੰ ਨਾਲ ਲੈ ਗਏ। ਉਸ ਰਾਜੇ ਨੇ ਜਦੋਂ ਭੋਜਨ ਛਕਣ ਲਈ ਕਿਹਾ ਤਦ ਬ੍ਰਹਮਾ, ਵਿਸ਼ਨੂੰ, ਮਹੇਸ਼ ਨੇ ਕਿਹਾ ਕਿ ਸਾਡੇ ਨਾਲ ਇੱਕ ਸ਼ੇਰ ਵੀ ਹੈ ਉਹ ਭੁੱਖਾ ਹੈ। ਜਦੋਂ ਤੱਕ ਸ਼ੇਰ ਮਾਸ ਨਹੀਂ ਖਾਵੇਗਾ ਉਦੋਂ ਤੱਕ ਅਸੀਂ ਭੋਜਨ ਨਹੀਂ ਕਰ ਸਕਦੇ। ਰਾਜਾ ਕਹਿਣ ਲੱਗਾ ਮੈਂ ਮਾਸ ਮੰਗਵਾ ਦਿੰਦਾ ਹਾਂ। ਪਰ ਉਹ ਕਹਿਣ ਲੱਗੇ ਸ਼ੇਰ ਉਸ ਦਾ ਮਾਸ ਖਾਵੇਗਾ ਜੋ ਪਰਿਵਾਰ ਦਾ ਇੱਕੋ ਇੱਕ ਪੁੱਤ ਹੋਵੇ। ਰਾਜਾ ਦਿਆਲੂ ਸੀ। ਉਹ ਸੋਚਣ ਲੱਗਾ ਕਿ ਮੇਰਾ ਵੀ ਇੱਕੋ ਪੁੱਤਰ ਹੈ। ਮੈਂ ਕਿਸੇ ਦਾ ਪੁੱਤਰ ਲਿਆਊਂਗਾ ਜਾਂ ਮਾਰੂੰਗਾ ਤਾਂ ਉਸ ਦੇ ਮਾਤਾ ਪਿਤਾ ਨੂੰ ਵੀ ਉਸ ਨਾਲ ਓਨਾ ਹੀ ਪਿਆਰ ਹੋਵੇਗਾ ਜਿੰਨਾ ਮੇਰਾ ਆਪਣੇ ਪੁੱਤਰ ਨਾਲ ਹੈ। ਉਸ ਰਾਜੇ ਨੇ ਆਪਣੇ ਪੁੱਤਰ ਨੂੰ ਸ਼ੇਰ ਦੇ ਅੱਗੇ ਸੁੱਟ ਦਿੱਤਾ ਅਤੇ ਉਹਨਾਂ ਨੂੰ ਕਿਹਾ ਹੁਣ ਤੁਸੀਂ ਵੀ ਭੋਜਨ ਖਾਉ। ਜਦੋਂ ਭੋਜਨ ਲਾਇਆ ਗਿਆ ਤਾਂ ਤਿੰਨ ਉਹ ਸਾਧੂ ਸਨ, ਇੱਕ ਰਾਜਾ ਰਾਣੀ ਸਨ, ਪੰਜ ਹੋ ਗਏ ਅਤੇ ਉਹਨਾਂ ਸਾਧੂਆਂ ਨੇ ਕਿਹਾ ਇੱਕ ਥਾਲੀ ਹੋਰ ਲਾਉ। ਰਾਜੇ ਨੇ ਕਿਹਾ ਸੱਚੇ ਪਾਤਿਸ਼ਾਹੋ! ਇਹ ਥਾਲੀ ਕਿਸ ਦੀ ਹੈ? ਉਹਨਾਂ ਨੇ ਉੱਤਰ ਦਿੱਤਾ ਕਿ ਇਹ ਥਾਲੀ ਤੇਰੇ ਪੁੱਤਰ ਲਈ ਹੈ। ਉਸ ਰਾਜੇ ਦੀ ਐਨੀ ਭਗਤੀ ਕਿ ਆਪਣੇ ਪੁੱਤਰ ਨੂੰ ਵੀ ਸ਼ੇਰ ਅੱਗੇ ਪਾ ਦਿੱਤਾ ਸੀ ਫੇਰ ਕਹਿਣ ਲੱਗਾ ਸਤਿ ਬਚਨ ਜੀ। ਮੇਰੇ ਉੱਪਰ ਕਿਰਪਾ ਕਰੋ। ਮੇਰਾ ਇੱਕ ਪੁੱਤਰ ਸੀ ਉਹ ਵੀ ਬਚਨ ਮੰਨ ਕੇ ਤੁਹਾਡੇ ਸਮਰਪਿਤ ਕਰ ਦਿੱਤਾ ਹੈ। ਉਹ ਕਹਿਣ ਲੱਗੇ, ਰਾਜਾ ਤੂੰ ਥਾਲੀ ਲਾ। ਜਦੋਂ ਥਾਲੀ ਲਾ ਦਿੱਤੀ ਤਦ ਉਹ ਬੱਚੇ ਨੂੰ ਆਵਾਜ਼ ਦੇ ਕੇ ਕਹਿਣ ਲੱਗੇ ਕਿ ਆ ਭਈ ਭੋਜਨ ਛਕ। ਉਹ ਸਾਰਾ ਮਾਇਆ ਦਾ ਚੱਕਰ ਸੀ। ਉਹ ਕਹਿਣ ਲੱਗੇ ਅਸੀਂ ਤੇਰੇ ਪੁੱਤਰ ਨੂੰ ਮਾਰਨ ਨਹੀਂ ਸੀ ਆਏ। ਅਸੀਂ ਤਾਂ ਪੁੱਤਰ ਜਿਵਾਉਣ ਆਉਂਦੇ ਹਾਂ। ਅਸੀਂ ਤਾਂ ਸਿਰਫ਼ ਦੇਖਿਆ ਸੀ ਕਿ ਤੇਰੇ ਮਨ ਵਿੱਚ ਕਿੰਨੀ ਕੁ ਸ਼ਰਧਾ ਹੈ। ਸੋਈ ਪਰਖ ਦੇਣੀ ਬਹੁਤ ਹੀ ਕਠਿਨ ਹੈ। ਜੀਵ ਨੂੰ ਹਮੇਸ਼ਾਂ ਬੇਨਤੀ ਕਰਨੀ ਚਾਹੀਦੀ ਹੈ ਕਿ ਸੱਚੇ ਪਾਤਿਸ਼ਾਹੋ! ਜਿੰਨਾ ਮੇਰੇ ਨਾਲ ਪਿਆਰ ਕਰਦੇ ਹੋ, ਜਿੰਨੀ ਮੇਰੇ ਉੱਪਰ ਬਖ਼ਸ਼ਿਸ਼ ਕਰਦੇ ਹੋ ਹਜ਼ੂਰ ਕਿਤੇ ਮੇਰੀ ਪਰਖ ਨਾ ਲਇਉ। ਅੱਜ ਤੱਕ ਕੋਈ ਵੀ ਜੀਵ ਪਰਖ ਨਹੀਂ ਦੇ ਸਕਿਆ।

ਜਾਂ ਭਾਈ ਮੰਝ ਨੇ ਪਰਖ ਦਿੱਤੀ ਸੀ। ਉਸ ਦੇ ਪੁੱਤਰ ਮਰ ਗਏ, ਧੀਆਂ ਜਵਾਈਆਂ ਨੇ ਛੱਡ ਦਿੱਤੀਆਂ, ਮਾਲ ਡੰਗਰ ਮਰ ਗਿਆ, ਅੰਧਰਾਤਾ ਹੋ ਗਿਆ ਅਤੇ ਅੰਧਰਾਤਾ ਹੋਣ ਕਾਰਨ ਖੂਹ ਵਿੱਚ ਡਿੱਗ ਪਿਆ। ਉਦੋਂ ਉਹ ਲੰਗਰ ਲਈ ਬਾਲਣ ਵਾਸਤੇ ਲੱਕੜਾਂ ਲੈ ਕੇ ਆ ਰਿਹਾ ਸੀ। ਹਜ਼ੂਰ ਪੰਜਵੇਂ ਪਾਤਿਸ਼ਾਹ ਭੱਜੇ ਗਏ। ਸੰਗਤ ਨੂੰ ਕਹਿਣ ਲੱਗੇ, ਰੱਸੇ ਲੈ ਆਉ ਅਤੇ ਇਸ ਨੂੰ ਬਾਹਰ ਕੱਢੋ। ਭਾਈ ਮੰਝ ਕਹਿਣ ਲੱਗਾ, ਨਹੀਂ ਸੱਚੇ ਪਾਤਿਸ਼ਾਹੋ! ਪਹਿਲਾਂ ਲੱਕੜਾਂ ਕੱਢ ਲਉ, ਬਾਰਿਸ਼ ਪੈ ਰਹੀ ਹੈ ਤਾਂ ਕਿ ਗੁਰੂ ਦੀ ਸੰਗਤ ਲਈ ਲੰਗਰ ਤਿਆਰ ਹੋ ਸਕੇ। ਤਦ ਖੂਹ ਵਾਲਾ ਕਹਿਣ ਲੱਗਾ, "ਓਏ ਦੁਸ਼ਟਾ! ਤੈਨੂੰ ਗੁਰੂ ਨੇ ਕੀ ਦੇ ਦਿੱਤਾ ਹੈ? ਤੇਰੀਆਂ ਧੀਆਂ ਜਵਾਈਆਂ ਨੇ ਛੱਡ ਦਿੱਤੀਆਂ ਹਨ। ਪੁੱਤਰ ਤੇਰੇ ਮਰ ਗਏ ਹਨ। ਮਾਲ ਡੰਗਰ ਤੇਰਾ ਮਰ ਗਿਆ ਹੈ।" ਭਾਈ ਮੰਝ ਨੇ ਕਿਹਾ ਓਇ! ਗੁਰੂ ਦੀਆਂ ਧੀਆਂ ਸੀ, ਗੁਰੂ ਦੇ ਪੁੱਤਰ ਸਨ, ਗੁਰੂ ਦਾ ਮਾਲ ਡੰਗਰ ਸੀ ਗੁਰੂ ਲੈ ਗਿਆ ਤੂੰ ਵਿੱਚ ਕਿਉਂ ਬੋਲ ਰਿਹਾ ਏਂ? ਮੇਰੇ ਸਤਿਗੁਰ ਜੋ ਵੀ ਕਰਦੇ ਹਨ ਠੀਕ ਕਰਦੇ ਹਨ। ਤਦ ਹਜ਼ੂਰ ਪੰਜਵੇਂ ਪਾਤਿਸ਼ਾਹ ਨੇ ਉਸ ਨੂੰ ਬਾਹਰ ਕੱਢ ਕੇ ਗਲ ਨਾਲ ਲਾਇਆ ਅਤੇ ਬਚਨ ਕੀਤੇ ਭਾਈ ਮੰਝ! ਮੰਗ ਕੀ ਮੰਗਣਾ ਹੈ। ਭਾਈ ਮੰਝ ਨੇ ਬੇਨਤੀ ਕੀਤੀ ਕਿ ਸੱਚੇ ਪਾਤਿਸ਼ਾਹੋ! ਮੇਰੀ ਪਰਖ ਲੈ ਲਈ ਹੈ ਅਗਾਂਹ ਵਾਸਤੇ ਕਿਸੇ ਦੀ ਪਰਖ ਨਾ ਲਇਉ। ਤਦ ਹਜ਼ੂਰ ਨੇ ਬਚਨ ਛੱਡ ਦਿੱਤੇ ਕਿ

*ਮੰਝ ਪਿਆਰਾ ਗੁਰੂ ਕੋ ਗੁਰੂ ਮੰਝ ਪਿਆਰਾ।*

*ਮੰਝ ਜਗਤ ਕਾ ਬੋਹਿਥਾ ਜਗ ਲੰਘਣ ਹਾਰਾ।*

ਜੋ ਮੰਝ ਦੀ ਕਥਾ ਵੀ ਸੁਣ ਲੈਣਗੇ ਉਹ ਵੀ ਪਾਰ ਉਤਾਰਾ ਕਰ ਜਾਣਗੇ। ਕਿਉਂਕਿ ਭਗਤੀ ਬਹੁਤ ਹੀ ਕਠਿਨ ਹੈ।

*ਸਿਖੀ ਦਾ ਕਮਾਵਣਾ, ਹੱਡਾਂ ਰੋਗ ਲਾਵਣਾ।*

*ਜਿਉਂਦਿਆਂ ਮਰ ਜਾਵਣਾ।*

ਜੀਵ ਨੂੰ ਮਾਲਿਕ ਅੱਗੇ ਹਮੇਸ਼ਾਂ ਬੇਨਤੀ ਕਰਦੇ ਰਹਿਣਾ ਚਾਹੀਦਾ ਹੈ ਕਿ ਸੱਚੇ ਪਾਤਿਸ਼ਾਹੋ ਮੇਰੀ ਕਿਤੇ ਪਰਖ ਨਾ ਲਇਉ। ਅਸੀਂ ਵਿਸ਼ਵਾਸ ਨਾਲ ਕਹਿੰਦੇ ਹਾਂ ਕਿ ਕੋਈ ਵੀ ਜੀਵ ਪਰਖ ਨਹੀਂ ਦੇ ਸਕਦਾ। ਜੀਵ ਕੋਲੋਂ ਮਾਣ ਵਡਿਆਈ ਦੇ ਕੇ ਜਿੰਨਾ ਮਰਜੀ ਕੰਮ ਲੈ ਲਉ ਪਰ ਜੀਵ ਪਰਖ ਨਹੀਂ ਦੇ ਸਕਦਾ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜੀਵ ਨੂੰ ਬੇ ਭਾਵ ਨਹੀਂ ਹੋਣਾ ਚਾਹੀਦਾ ਡਿੱਗਣਾ ਨਹੀਂ ਚਾਹੀਦਾ ਫੇਰ ਹੀ ਮਾਲਿਕ ਦੇ ਮਹਿਲ ਪ੍ਰਾਪਤ ਕਰ ਸਕਦਾ ਹੈ।

**ਭ੍ਰਮ ਭੈ ਮੋਹ ਨ ਮਾਇਆ ਜਾਲ॥**

**ਸੁੰਨਿ ਸਮਾਧਿ ਪ੍ਰਭੂ ਕਿਰਪਾਲ॥੩॥**

ਜੇਕਰ ਜੀਵ ਐਸੀ ਰਹਿਣੀ ਰੱਖੇ ਫੇਰ ਭਰਮ ਅਤੇ ਮੋਹ ਉਸ ਦਾ ਕੁਝ ਨਹੀਂ ਵਿਗਾੜ ਸਕਦਾ। ਫੇਰ ਮਾਲਿਕ ਉਸ ਦੀ ਆਤਮਾ ਨੂੰ ਹਮੇਸ਼ਾਂ ਲਈ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਦੇ ਹਨ ਅਤੇ ਰਹਿੰਦੀ ਦੁਨੀਆਂ ਤੱਕ ਉਸ ਜੀਵ ਦੀ ਜੈ-ਜੈ ਕਾਰ ਹੁੰਦੀ ਹੈ। ਵਰਨਾ ਝਾਲਾਂ ਬਾਈ, ਮੀਰਾਂ ਬਾਈ, ਸਹਿਜੋ ਬਾਈ ਆਦਿ ਰਾਜ ਘਰਾਣਿਆਂ ਦੀਆਂ ਧੀਆਂ ਨੂੰਹਾਂ ਹੋ ਕੇ ਵੀ ਗੁਰੂ ਰਵਿਦਾਸ ਜੀ ਦੇ ਜੋੜੇ ਚੁੱਕ ਕੇ ਛੱਡਣ ਜਾਣ ਦੀ ਸੇਵਾ ਕਰਦੀਆਂ ਰਹੀਆਂ। ਲੋਕਾਂ ਨੇ ਤਾਹਨੇ ਮਿਹਣੇ ਦਿੱਤੇ ਕਿ ਕੁੜੀਆਂ ਜਵਾਨ ਹੋ ਕੇ ਨੀਵੀਂ ਜਾਤ ਵਾਲੇ ਦੇ ਘਰੀਂ ਤੁਰੀਆਂ ਫਿਰਦੀਆਂ ਹਨ। ਪਰ ਦੁਨੀਆਂ ਵਿੱਚ ਐਨੇ ਰਾਜੇ, ਮਹਾਰਾਜੇ, ਬਾਦਸ਼ਾਹ, ਰਈਸ, ਰਾਜਕੁਮਾਰ ਆਏ ਪਰ ਝਾਲਾਂ ਬਾਈ, ਮੀਰਾਂ ਬਾਈ ਅਤੇ ਸਹਿਜੋ ਬਾਈ ਵਰਗਾ ਨਾਮ ਕਿਸੇ ਦਾ ਨਹੀਂ ਰਿਹਾ ਕਿਉਂਕਿ ਉਹ ਕਸਵੱਟੀ ਉੱਪਰ ਪੂਰੀਆਂ ਉਤਰੀਆਂ ਸਨ। ਸੋਈ ਜੋ ਜੀਵ ਡੋਲਦਾ ਨਹੀਂ ਹੈ ਉਹ ਮਾਲਿਕ ਦੇ ਮਹਿਲ ਪ੍ਰਾਪਤ ਕਰਦਾ ਹੈ।

**ਤਾ ਕਾ ਅੰਤੁ ਨ ਪਾਰਾਵਾਰੁ॥**

**ਆਪੇ ਗੁਪਤੁ ਆਪੇ ਪਾਸਾਰੁ॥**

ਸਾਧੂਆਂ ਦਾ ਕੋਈ ਅੰਤ ਨਹੀਂ ਪਾ ਸਕਿਆ। ਕਦੇ ਉਹ ਗੁਪਤ ਹੋ ਜਾਂਦੇ ਹਨ, ਕਦੇ ਉਹ ਜ਼ਾਹਿਰ ਹੋ ਜਾਂਦੇ ਹਨ।

**ਜਾ ਕੈ ਅੰਤਰਿ ਹਰਿ ਹਰਿ ਸੁਆਦੁ॥**

**ਕਹਨੁ ਨ ਜਾਈ ਨਾਨਕ ਬਿਸਮਾਦੁ॥੪॥**

ਜਿਸ ਦੇ ਅੰਦਰ ਉਹ ਪਿਆਰ ਅਤੇ ਸੁਆਦ ਆ ਜਾਂਦਾ ਹੈ ਤਦ ਇਨਸਾਨ ਦੀ ਐਸੀ ਦਸ਼ਾ ਹੋ ਜਾਂਦੀ ਹੈ ਕਿ ਅਗਰ ਉਹ ਪਾਣੀ ਦਾ ਘੁੱਟ ਵੀ ਭਰਦਾ ਹੈ ਤਦ ਉਸ ਨੂੰ ਉਸ ਵਿੱਚੋਂ ਮਿਠਾਸ ਆਉਂਦੀ ਹੈ। ਉਸ ਨੂੰ ਆਪਣੇ ਸਾਹਾਂ ਵਿੱਚੋਂ ਵੀ ਮਹਿਕ ਆਉਣ ਲੱਗ ਪੈਂਦੀ ਹੈ। ਪਰ ਉਹ ਭਾਵ ਅਤੇ ਪਿਆਰ ਦੀ ਮਿਠਾਸ ਅਤੇ ਮਹਿਕ ਹੁੰਦੀ ਹੈ। ਜਦੋਂ ਜੀਵ ਦਾ ਭਾਵ ਅਤੇ ਪਿਆਰਾ ਜਾਂਦਾ ਰਹਿੰਦਾ ਹੈ ਤਦ ਉਸ ਨੂੰ ਉਹੋ ਚੀਜ਼ਾਂ ਫਿੱਕੀਆਂ ਅਤੇ ਕੌੜੀਆਂ ਲੱਗਣ ਲੱਗ ਪੈਂਦੀਆਂ ਹਨ। ਕਿਉਂਕਿ ਉਹ ਉਸ ਰਹਿਮਤ ਤੋਂ ਵਾਂਝਾ ਹੋ ਜਾਂਦਾ ਹੈ। ਫੇਰ ਉਸਨੂੰ ਉਹ ਆਨੰਦ ਨਹੀਂ ਆਉਂਦਾ। ਜਿਸ ਉੱਪਰ ਹਜ਼ੂਰ ਦੀ ਕਿਰਪਾ ਹੁੰਦੀ ਹੈ ਉਹੋ ਹੀ ਇਹ ਦਾਤ ਪ੍ਰਾਪਤ ਕਰਦਾ ਹੈ।

# ਸਤਿਸੰਗ

**ਧਨਾਸਰੀ ਮਹਲਾ ੫॥** (ਅੰਗ 680)

**ਨਾਮੁ ਗੁਰਿ ਦੀਓ ਹੈ ਅਪੁਨੈ ਜਾ ਕੇ ਮਸਤਕਿ ਕਰਮਾ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ ਦੇ ਉਚਾਰਨ ਕੀਤੇ ਮਹਾਂਵਾਕ ਵਿੱਚੋਂ ਹੁਕਮਨਾਮਾ ਆਇਆ ਹੈ। ਅਸੀਂ ਸਾਰੀ ਸੰਗਤ ਨੂੰ ਬੇਨਤੀ ਕਰਦੇ ਹਾਂ ਕਿ ਕਈ ਵਾਰ ਜੀਵ ਸੋਚਦਾ ਹੈ ਕਿ ਸ਼ਾਇਦ ਮੇਰੇ ਕਰਮ ਗਲਤ ਹਨ ਤਦ ਮੈਨੂੰ ਇਹ ਦਾਤ ਪ੍ਰਾਪਤ ਨਹੀਂ ਹੋਈ ਜਾਂ ਮੈਨੂੰ ਇਹ ਨਹੀਂ ਮਿਲਿਆ। ਸੰਤਾਂ ਨੇ ਫ਼ੁਰਮਾਇਆ ਹੈ ਕਿ

*ਵਡੇ ਵਡੇ ਜੋ ਦੀਸਹਿ ਲੋਗ॥*

*ਤਿਨ ਕਉ ਬਿਆਪੈ ਚਿੰਤਾ ਰੋਗ॥੧॥*

*ਕਉਨ ਵਡਾ ਮਾਇਆ ਵਡਿਆਈ॥*

*ਸੋ ਵਡਾ ਜਿਨਿ ਰਾਮ ਲਿਵ ਲਾਈ॥੧॥(ਅੰਗ 188)*

ਹਜ਼ੂਰ ਇਸ ਹੁਕਮਨਾਮੇ ਵਿੱਚ ਫ਼ੁਰਮਾਨ ਕਰ ਰਹੇ ਹਨ ਕਿ ਸਭ ਤੋਂ ਵਧੀਆ ਕਰਮ ਉਸ ਦਾ ਹੈ ਜਿਸ ਨੂੰ ਹਜ਼ੂਰ ਨਾਮ ਦਾ ਉਪਦੇਸ਼ ਦੇ ਦਿੰਦੇ ਹਨ। ਕਿਉਂਕਿ ਆਪਾਂ ਨੇ ਉਪਦੇਸ਼ ਨੂੰ ਇੱਕ ਦੁਨਿਆਵੀ ਜਾਂ ਬਹੁਤ ਸਸਤੀ ਜਿਹੀ ਚੀਜ਼ ਸਮਝ ਕੇ ਅਪਣਾਇਆ ਹੈ। ਇਸ ਨਾਮ ਉਪਦੇਸ਼ ਨੂੰ ਕਦੇ ਚਾਅ ਨਾਲ ਜਾਂ ਅਮੁੱਲ ਦਾਤ ਸਮਝ ਕੇ ਆਪਣੇ ਕੋਲ ਨਹੀਂ ਰੱਖਿਆ।

ਇੱਕ ਵਾਰ ਇੱਕ ਘੁਮਿਆਰ ਨੂੰ ਰਤਨ ਜਾਂ ਲਾਲ ਲੱਭ ਪਿਆ। ਉਸ ਨੇ ਉਸ ਨੂੰ ਰੱਸੀ ਵਿੱਚ ਪਰੋ ਕੇ ਆਪਣੇ ਖੋਤੇ ਦੇ ਗਲ ਵਿੱਚ ਬੰਨ੍ਹ ਦਿੱਤਾ। ਕੋਈ ਜੌਹਰੀ ਜਾਂ ਪਾਰਖੂ ਤੁਰਿਆ ਜਾ ਰਿਹਾ ਸੀ।

ਉਹ ਅਵਾਜ਼ ਦੇ ਕੇ ਪੁੱਛਣ ਲੱਗਾ ਓ ਪਰਜਪਤਾ! ਇਹ ਖੋਤਾ ਕਿਸ ਦਾ ਹੈ? ਉਹ ਕਹਿਣ ਲੱਗਾ ਜੀ ਮੇਰਾ ਹੈ। ਘੁਮਿਆਰ ਆਪ ਚਾਹੇ ਨੰਗਾ ਭੁੱਖਾ ਰਹੇ ਪਰ ਉਸ ਨੂੰ ਜੋ ਵੀ ਵਧੀਆ ਚੀਜ਼ ਮਿਲੇ ਉਹ ਖੋਤੇ ਦੇ ਗਲ ਬੰਨ੍ਹ ਦਿੰਦਾ ਹੈ। ਕਿ ਇਹ ਮੈਨੂੰ ਕਮਾਈ ਕਰਕੇ ਦਿੰਦਾ ਹੈ ਮੈਂ ਇਸ ਦੀ ਸਾਂਭ ਸੰਭਾਲ ਕਰਾਂ ਜਾਂ ਇਸ ਨੂੰ ਸ਼ੰਗਾਰ ਕੇ ਰੱਖਾਂ। ਉਹ ਪਾਰਖੂ ਪੁੱਛਣ ਲੱਗਾ ਇਸ ਦੇ ਗਲ ਕੀ ਪਾਇਆ ਹੈ? ਘੁਮਿਆਰ ਨੇ ਉੱਤਰ ਦਿੱਤਾ ਕਿ ਮੈਨੂੰ ਇਹ ਵਧੀਆ ਜਿਹਾ ਮਣਕਣਾ ਲੱਭਾ ਸੀ ਮੈਂ ਖੋਤੇ ਦੇ ਗਲ ਪਾ ਦਿੱਤਾ ਹੈ। ਉਹ ਕਹਿਣ ਲੱਗਾ ਓ ਮੂਰਖਾ! ਇਹ ਤਾਂ ਐਨਾ ਕੀਮਤੀ ਲਾਲ ਹੈ। ਤੂੰ ਅਗਰ ਇਸ ਨੂੰ ਕਿਸੇ ਬਾਦਸ਼ਾਹ ਜਾਂ ਜੌਹਰੀ ਕੋਲ ਲੈ ਜਾਵੇ ਤਦ ਤੈਨੂੰ ਉਹ ਸ਼ਹਿਰਾਂ ਦਾ ਵਾਰਸ ਬਣਾ ਦੇਣਗੇ ਤੂੰ ਇਹ ਕੀ ਕਰ ਰਿਹਾ ਏਂ? ਸੋਈ ਹਜ਼ੂਰ ਨੇ ਸਾਨੂੰ ਨਾਮ ਉਪਦੇਸ਼ ਦਾ ਰਤਨ ਬਖਸ਼ਿਆ ਹੈ। ਪਰ ਅਸੀਂ ਉਸ ਨੂੰ ਖੋਤੇ ਦੇ ਗਲ ਬੰਨ੍ਹੀ ਫਿਰਦੇ ਹਾ ਕਿਉਂਕਿ ਸਾਨੂੰ ਉਸ ਦੀ ਕਦਰ ਨਹੀਂ ਹੈ। ਛੋਟੇ ਮੋਟੇ ਡਾਲਰ, ਪੈਸੇ, ਗਹਿਣੇ ਨੂੰ ਸਾਂਭ-ਸਾਂਭ ਕੇ ਰੱਖਦੇ ਹਾਂ ਪਰ ਕਦੇ ਨਾਮ ਨੂੰ ਸਾਂਭ ਕੇ ਨਹੀਂ ਰੱਖਿਆ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸਾਧੂ ਜਿਸ ਜੀਵ ਨੂੰ ਨਾਮ ਬਖ਼ਸ਼ਦੇ ਹਨ ਉਸ ਤੋਂ ਵੱਡਾ ਉਸ ਦਾ ਹੋਰ ਕੋਈ ਵਧੀਆਂ ਕਰਮ ਨਹੀਂ ਹੁੰਦਾ। ਪਰ ਜੇਕਰ ਉਹ ਜੀਵ ਨਾਮ ਨੂੰ ਸਾਂਭ ਕੇ ਰੱਖੇ ਫੇਰ ਦੁਨੀਆਂ ਦੀਆਂ ਸਾਰੀਆਂ ਦੌਲਤਾਂ ਉਸ ਦੇ ਪਿੱਛੇ ਭੱਜਦੀਆਂ ਹਨ। ਜਦੋਂ ਅਸੀਂ ਨਾਮ ਨੂੰ ਆਮ ਚੀਜ਼ ਸਮਝ ਕੇ ਵਰਤਦੇ ਹਾਂ ਫੇਰ ਉਸ ਤੋਂ ਕੁਝ ਪ੍ਰਾਪਤ ਨਹੀਂ ਹੁੰਦਾ।

ਜਿਸ ਤਰ੍ਹਾਂ ਬਾਲੇ ਅਤੇ ਮਰਦਾਨੇ ਨੂੰ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਾਲ ਦੇ ਕੇ ਭੇਜਿਆ। ਪਰ ਉਸ ਨੂੰ ਕਿਸੇ ਨੇ ਨਹੀਂ ਖਰੀਦਿਆ। ਇੱਕ ਜੌਹਰੀ ਨੇ ਉਹਨਾਂ ਨੂੰ ਇੱਕ ਸੌ ਇੱਕ ਰੁਪਿਆ ਚਾਂਦੀ ਦਾ ਦੇ ਕੇ ਨਿਵਾਜਿਆ ਅਤੇ ਨਮਸਕਾਰ ਕੀਤੀ। ਜਦੋਂ ਬਾਲਾ ਮਰਦਾਨਾ ਲਾਲ ਨੂੰ ਉੱਥੇ ਛੱਡ ਕੇ ਤੁਰ ਪਏ ਤਦ ਜੌਹਰੀ ਨੇ ਪੁੱਛਿਆ ਕਿੱਥੇ ਜਾ ਰਹੇ ਹੋ? ਉਹਨਾਂ ਨੇ ਉੱਤਰ ਦਿੱਤਾ ਕਿ ਅਸੀਂ ਪੈਸੇ ਲੈ ਲਏ ਹਨ, ਹੁਣ ਜਾ ਰਹੇ ਹਾਂ। ਉਸ ਜੌਹਰੀ ਨੇ ਕਿਹਾ ਕਿ ਆਪਣਾ ਲਾਲ ਲੈ ਜਾਉ। ਮੈਂ ਤਾਂ ਇਸ ਦੀ ਦਰਸ਼ਨ ਭੇਟਾ ਇੱਕ ਸੌ ਇੱਕ ਰੁਪਏ ਤੁਹਾਨੂੰ ਦਿੱਤੇ ਹਨ। ਮੈਂ ਇਸ ਦੀ ਕੀਮਤ ਨਹੀਂ ਦੇ ਸਕਦਾ। ਹੁਣ ਬਾਲਾ ਅਤੇ ਮਰਦਾਨਾ ਵੀ ਚੁੱਕ ਕੇ ਤੁਰੇ ਫਿਰਦੇ ਸਨ ਕਿ ਇਸ ਦੇ ਬਦਲੇ ਸਾਨੂੰ ਕੋਈ ਰਾਸ਼ਨ ਦੇ ਦੇਵੇ। ਉਹਨਾਂ ਨੂੰ ਪਤਾ ਹੀ ਨਹੀਂ ਸੀ ਕਿ ਇਹ ਲਾਲ ਐਨਾ ਕੀਮਤੀ ਹੈ। ਇਸੇ ਤਰ੍ਹਾਂ ਆਪਾਂ ਜਿੰਨੇ ਵੀ ਬੈਠੇ ਹਾਂ ਆਪਾਂ ਨੂੰ ਨਾਮ ਦੀ, ਬਾਣੀ ਦੀ ਕਦਰ ਨਹੀਂ ਹੈ ਕਿ ਇਹ ਕਿੰਨੀ ਵੱਡੀ ਦਾਤ ਹੈ। ਅਗਰ ਉਸ ਨੂੰ ਕੀਮਤੀ ਸਮਝੀਏ ਫੇਰ ਜੀਵ ਦਾ ਇਸ ਤੋਂ ਵਧੀਆ ਕੋਈ ਕਰਮ ਨਹੀਂ ਹੈ।

ਸਾਧੂ ਨਾਮ ਜਪਾਉਂਦੇ ਅਤੇ ਦ੍ਰਿੜਆਉਂਦੇ ਹਨ ਬਾਰ-ਬਾਰ ਕਹਿੰਦੇ ਹਨ ਕਿ ਸਿਮਰਨ ਕਰੋ, ਸਿਮਰਨ ਕਰੋ ਉਸ ਤੋਂ ਵੱਡਾ ਜੁਗ ਵਿੱਚ ਕੋਈ ਧਰਮ ਨਹੀਂ ਹੈ।

**ਜਨ ਕਉ ਨਾਮੁ ਵਡਾਈ ਸੋਭ ॥**

ਜੋ ਇਨਸਾਨ ਨਾਮ ਦੀ ਵਡਿਆਈ ਅਤੇ ਕੀਮਤ ਜਾਣਦਾ ਹੈ ਉਸ ਦੀ ਸਾਰੀ ਦੁਨੀਆਂ ਵਿੱਚ ਸੋਭਾ ਹੋਵੇਗੀ। ਨਿਸ਼ਚੇ ਰੱਖੋ

*ਜਿਨ੍ ਨਾਨਕੁ ਸਤਿਗੁਰੁ ਪੂਜਿਆ*
*ਤਿਨ ਹਰਿ ਪੂਜ ਕਰਾਵਾ ॥ (ਅੰਗ 450)*

ਜਿਸ ਨੇ ਵੀ ਇਸ ਨਾਮ ਦੀ ਪੂਜਾ ਕੀਤੀ ਹੈ ਦੁਨੀਆਂ ਵਿੱਚ ਉਸ ਦੀ ਪੂਜਾ ਹੁੰਦੀ ਆਈ ਹੈ ਅਤੇ ਹੁੰਦੀ ਰਹੇਗੀ। ਜਿਹੜਾ ਮਰਜੀ ਲੜਕੀ ਜਾਂ ਲੜਕਾ ਇਸ ਦੀ ਪੂਜਾ ਕਰਕੇ ਦੇਖ ਲਵੇ। ਦੁਨੀਆਂ ਉੱਥੇ ਮੱਥੇ ਟੇਕਦੀ ਹੈ, ਸਤਿਕਾਰ ਕਰਦੀ ਹੈ।

ਜਦੋਂ ਜੀਵ ਉੱਪਰ ਗੁਰਬਾਣੀ ਦੀ ਬਖ਼ਸ਼ਿਸ਼ ਹੁੰਦੀ ਹੈ ਫੇਰ ਜੋ ਗੁਰਬਾਣੀ ਦਾ ਫ਼ੁਰਮਾਨ ਹੈ ਉਸੇ ਤਰ੍ਹਾਂ ਕਰੇ ਫੇਰ ਜੀਵ ਦੀ ਗਤੀ ਵੀ ਹੋ ਜਾਂਦੀ ਹੈ ਅਤੇ ਉਸ ਦੀ ਇੱਜਤ ਨੂੰ ਵੀ ਕੋਈ ਨੁਕਸਾਨ ਨਹੀਂ ਪਹੁੰਚਾ ਸਕਦਾ।

ਕੋਈ ਬਾਦਸ਼ਾਹ ਜਾਂ ਸ਼ਾਹੂਕਾਰ ਹੀ ਅਮੀਰ ਨਹੀਂ ਹੁੰਦਾ ਜਿਸ ਦੇ ਕੋਲ ਨਾਮ ਦਾ ਧਨ ਹੈ ਉਸ ਦੇ ਬਰਾਬਰ ਦੁਨੀਆਂ ਵਿੱਚ ਕੋਈ ਅਮੀਰ, ਬਾਦਸ਼ਾਹ ਜਾਂ ਸ਼ਹਿਨਸ਼ਾਹ ਨਹੀਂ ਹੈ। ਸਭ ਤੋਂ ਵੱਡਾ ਬਾਦਸ਼ਾਹ ਕੌਣ ਹੈ। ਅਸੀਂ ਹਰ ਰੋਜ਼ ਇਸ ਸਲੋਕ ਦਾ ਪਾਠ ਕਰਦੇ ਹਾਂ ਕਿ

*ਵਡੇ ਵਡੇ ਜੋ ਦੀਸਹਿ ਲੋਗ ॥*
*ਤਿਨ ਕਉ ਬਿਆਪੈ ਚਿੰਤਾ ਰੋਗ ॥੧॥*
*ਕਉਨ ਵਡਾ ਮਾਇਆ ਵਡਿਆਈ ॥*
*ਸੋ ਵਡਾ ਜਿਨਿ ਰਾਮ ਲਿਵ ਲਾਈ ॥੧॥ (ਅੰਗ 188)*

ਜਿਸ ਦੇ ਕੋਲ ਨਾਮ ਦਾ ਧਨ ਹੈ ਉਸ ਤੋਂ ਵੱਡਾ ਕੋਈ ਸ਼ਨਿਹਸ਼ਾਹ ਨਹੀਂ ਹੈ।

ਜੋ ਜੀਵ ਨਾਮ ਦਾ ਵਣਜ ਵਿਹਾਰ ਕਰੇ, ਨਾਮ ਦਾ ਲਾਹਾ ਖੱਟੇ ਉਹੋ ਸੱਚਾ ਸੇਵਕ ਹੈ, ਸੱਚਾ ਗੁਰਸਿੱਖ ਹੈ ਅਤੇ ਉਹੋ ਹੀ ਲਾਹਾ ਖੱਟ ਸਕਦਾ ਹੈ।

# ਸਤਿਸੰਗ ਸੰਗ੍ਰਾਂਦ ਮਹੀਨਾ ਚੇਤ

ਸਭ ਤੋਂ ਪਹਿਲਾਂ ਆਈ ਸੰਗਤ ਨੂੰ ਨਵੇਂ ਸਾਲ ਦੀ ਲੱਖ-ਲੱਖ ਵਧਾਈ ਹੋਵੇ। ਸਾਡਾ ਪਿਛੋਕੜ ਅਤੇ ਵਿਰਸਾ ਵੇਦਾਂ ਸ਼ਾਸਤਰਾਂ ਅਤੇ ਗੁਰਬਾਣੀ ਉੱਪਰ ਨਿਰਭਰ ਕਰਦਾ ਹੈ। ਪਰ ਅਸੀਂ ਇਸ ਤੋਂ ਬਹੁਤ ਦੂਰ ਜਾ ਰਹੇ ਹਾਂ। ਅਸੀਂ ਪੱਛਮੀ ਸਭਿਅਤਾ ਅਨੁਸਾਰ ਈਸਵੀ ਸੰਮਤ ਨੂੰ ਮੁੱਖ ਰੱਖ ਕੇ ਪਹਿਲੀ ਜਨਵਰੀ ਨੂੰ ਨਵੇਂ ਸਾਲ ਦੀ ਵਧਾਈ ਦਿੰਦੇ ਹਾਂ। ਪਰ ਇਸ ਮਹੀਨੇ ਵਿੱਚ ਤੁਸੀਂ ਪਰਿਵਾਰਿਕ ਤੋਰ ਤੇ ਇੱਕ ਦੂਸਰੇ ਨੂੰ ਘੱਟ ਹੀ ਵਧਾਈ ਦਿੰਦੇ ਹੋਵੋਗੇ। ਸਾਡੀ ਵਿਰਾਸਤ ਦੇ ਵਿੱਚ ਅੱਜ ਦੇ ਦਿਨ ਤੋ ਨਵਾਂ ਸਾਲ ਸ਼ੁਰੂ ਹੁੰਦਾ ਹੈ।

ਸੋਈ ਚੇਤ ਦਾ ਮਹੀਨਾ 14-3-2010 ਐਤਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਸਾਰੀ ਕਾਇਨਾਤ ਨੂੰ ਅਤੇ ਆਈ ਸੰਗਤ ਨੂੰ ਇਸ ਸ਼ੁਭ ਮੋਕੇ ਤੇ' ਅਸੀਂ ਲੱਖ-ਲੱਖ ਵਧਾਈ ਦਿੰਦੇ ਹਾਂ ਕਿ ਸੱਚੇ ਪਾਤਸ਼ਾਹੋ! ਕਿਰਪਾ ਕਰਿਓ ਇਹ ਨਵਾਂ ਸਾਲ ਖੁਸ਼ੀਆਂ ਭਰਿਆ ਆਵੇ। ਹਜ਼ੂਰ ਸੁੱਖ, ਸ਼ਾਂਤੀ, ਖੇੜੇ, ਇਤਿਫਾਕ, ਚੜਦੀ ਕਲਾ, ਨਾਮ ਦੀ ਦਾਤ ਬਖਸ਼ਿਉ। ਗੁਰਬਾਣੀ ਦੀ ਸ਼ਰਨ ਬਖਸ਼ਿਉ। ਹਜ਼ੂਰ ਅਗਰ ਤੁਸੀਂ ਕਿਰਪਾ ਕਰੋਗੇ ਤਦ ਹੀ ਜੀਵ ਉੱਪਰ ਬਖਸ਼ਿਸ਼ ਹੋ ਸਕਦੀ ਹੈ। ਅੱਜ ਸੰਗ੍ਰਾਂਦ ਅਤੇ ਨਵਾਂ ਸਾਲ ਸਬੱਬ ਨਾਲ ਐਤਵਾਰ ਤੋਂ ਸ਼ੁਰੂ ਹੋ ਰਿਹਾ ਹੈ। ਐਤਵਾਰ ਨੂੰ ਆਦਿਤਵਾਰ ਵੀ ਕਿਹਾ ਜਾਂਦਾ ਹੈ। ਇਸ ਨੂੰ ਸ਼ੁਭ ਦਿਨ ਗਿਣਿਆ ਜਾਂਦਾ ਹੈ। ਇਹ ਗ੍ਰਹਿ ਸਾਰੀ ਦੁਨਿਆਂ ਉੱਪਰ ਅਸਰ ਕਰਦੇ ਹਨ। ਇਹ ਸਾਲ ਐਤਵਾਰ ਵਾਲੇ ਦਿਨ ਸ਼ੁਰੂ ਹੋ ਰਿਹਾ ਹੈ। ਸੋਈ ਹਜ਼ੂਰ ਖੁਸ਼ੀਆਂ ਖੇੜੇ ਬਖਸ਼ਣ।

ਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਸ਼ਾਹ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*

*(ਅੰਗ 1395)*

ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਚੇਤ ਦਾ ਮਹੀਨਾ ਭਾਗਾਂ ਵਾਲਾ, ਭਲਾ ਅਤੇ ਅੱਛਾ ਹੈ। ਬਸੰਤ ਰੁੱਤ ਆਉਂਦੀ ਹੈ।

*ਆਈ ਬਸੰਤ ਪਾਲਾ ਉਡੰਤ।*

ਇਸ ਮਹੀਨੇ ਵਿੱਚ ਬਨਸਪਤੀ ਖਿੜਦੀ ਹੈ। ਬਨਸਪਤੀ ਦੇ ਖਿੜਨ ਨਾਲ ਭੰਵਰੇ ਗੂੰਜਾਂ ਪਾਉਂਦੇ ਹਨ, ਗੁਣਗੁਣਾਉਂਦੇ ਹਨ। ਇਸੇ ਤਰਾਂ ਇਨਸਾਨ ਦੀ ਆਤਮਾ ਪਰਮਾਤਮਾ ਨੂੰ ਮਿਲਣ ਲਈ ਗੁਣਗੁਣਾਉਂਦੀ ਹੈ, ਖੁਸ਼ੀ ਮਨਾਉਂਦੀ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਚੇਤ ਦੇ ਮਹੀਨੇ ਦੀ ਸਭ ਤੋਂ ਵਧੀਆ ਗੱਲ ਇਹ ਹੈ ਕਿ ਇਸ ਮਹੀਨੇ ਵਿੱਚ ਬਸੰਤ ਬਹਾਰ ਆਉਂਦੀ ਹੈ। ਪਿੱਛਲੇ ਸਮੇਂ ਵਿੱਚ ਬਸੰਤ ਆਉਣ ਤੇ ਪਤੰਗਾਂ ਉਡਾਈਆਂ ਜਾਂਦੀਆਂ ਸਨ। ਇਸ ਪਤੰਗ ਉਡਾਉਣ ਤੋਂ ਇਹ ਮੁਰਾਦ ਸੀ ਕਿ ਸਾਡਾ ਆਉਣ ਵਾਲਾ ਭਵਿੱਖ ਇਸ ਤਰਾਂ ਅਸਮਾਨ ਵਿੱਚ ਉੱਡੇ, ਅਸੀਂ ਹੋਰ ਤਰਕੀਆਂ ਕਰੀਏ। ਪਤੰਗ ਉਡਾਉਣ ਦੀ ਇਹੋ ਮਹੱਤਤਾ ਹੈ ਕਿ ਸਾਡਾ ਭਵਿੱਖ ਉਜਲਾ ਅਤੇ ਉੱਚਾ ਸੁੱਚਾ ਹੋਵੇ। ਇਸ ਮਹੀਨੇ ਵਿੱਚ ਭਵਰੇ ਵੀ ਗੀਤ ਗਾਉਂਦੇ ਹਨ। ਇਸੇ ਤਰਾਂ ਇਸ ਮਹੀਨੇ ਵਿੱਚ ਅਗਰ ਆਤਮਾ ਪਰਮਾਤਮਾ ਦੇ ਨਾਲ ਜੁੜ ਕੇ ਗੁਰਬਾਣੀ ਦੇ ਸ਼ਬਦ ਪੜੇ ਅਤੇ ਸੋਹਿਲੇ ਗਾਵੇ ਤਦ ਜੀਵ ਲਈ ਬਹੁਤ ਹੀ ਅੱਛਾ ਹੈ।

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਚਾਹੇ ਬਸੰਤ ਹੋਵੇ, ਜੰਗਲ ਵਿੱਚ ਫੁੱਲ ਖਿੜੇ ਹੋਣ। ਘਰਾਂ ਵਿੱਚ ਵੀ ਬਗੀਚੀਆਂ ਲਗਾਉਣੀਆਂ ਚਾਹੀਦੀਆਂ ਹਨ, ਉਹਨਾਂ ਵਿੱਚ ਵੀ ਫੁੱਲ ਖਿੜੇ ਹੋਣ, ਸਾਰੇ ਪਾਸੇ ਖੁਸ਼ੀ ਦਿਸਦੀ ਹੋਵੇ। ਪਰ ਜੇਕਰ ਇੱਕ ਲੜਕੀ ਦਾ ਪਤੀ ਘਰ ਨਹੀਂ ਹੈ ਤਾਂ ਉਸ ਨੂੰ ਇਹ ਫੁੱਲ ਚੰਗੇ ਨਹੀਂ ਲੱਗਦੇ। ਅਸੀਂ ਬਚਪਨ ਵਿੱਚ ਇਕ ਕਵਿਤਾ ਪੜਿਆ ਕਰਦੇ ਸੀ ਕਿ

*ਇੱਕ ਬੂਟਾ ਅੰਬੀ ਦਾ ਘਰ ਸਾਡੇ ਲੱਗਾ ਨੀ।*
*ਜਿਸ ਥਲੇ ਬਹਿਣਾ ਨੀ, ਸੁਰਗਾਂ ਵਿੱਚ ਰਹਿਣਾ ਨੀ।*
*ਕੀ ਉਸਦਾ ਕਹਿਣਾ ਨੀ, ਵਿਹੜੇ ਦਾ ਗਹਿਣਾ ਨੀ।*
*ਪਰ ਮਾਹੀ ਬਾਝੋਂ ਨੀ, ਪਰਦੇਸੀ ਬਾਝੋਂ ਨੀ।*
*ਉਹ ਸਾਨੂੰ ਵੱਢਦਾ ਏ, ਤੇ ਖੱਟਾ ਲੱਗਦਾ ਏ।*

ਸੋਈ ਇਸਤਰੀ ਨੂੰ ਇਹ ਫੁੱਲ ਅਤੇ ਪੁੰਗਰਾਟੇ ਆਪਣੇ ਪਤੀ ਨਾਲ ਹੀ ਅੱਛੇ ਲਗਦੇ ਹਨ। ਇਸੇ ਤਰਾਂ ਜੋ ਪ੍ਰਾਣੀ ਇਸ ਮਹੀਨੇ ਵਿੱਚ ਸਿਮਰਨ ਨਹੀਂ ਕਰਦੇ, ਮਾਲਿਕ ਦੇ ਮਿਲਾਪ ਦੀ ਤੜਪ ਨਹੀਂ ਕਰਦੇ, ਮਾਲਿਕ ਨੂੰ ਮਿਲਦੇ ਨਹੀਂ ਹਨ, ਉਹਨਾਂ ਨੂੰ ਵੀ ਇਹ ਬਸੰਤ ਰੁੱਤ, ਫੁੱਲਾਂ ਵਾਲੀ ਰੁੱਤ ਐਨੀ ਵਧੀਆ ਨਹੀਂ ਲੱਗਦੀ। ਜਿਸ ਤਰਾਂ ਲੜਕੀਆਂ ਫਰਿਆਦ ਕਰਦੀਆਂ ਹਨ ਕਿ ਮੇਰੇ ਪਤੀ ਮੇਰੇ ਘਰ ਆਉਣ, ਇਸੇ ਤਰਾਂ ਸੱਚੇ ਪਾਤਿਸ਼ਾਹੋ ਤੁਸੀਂ ਇਸ ਮਹੀਨੇ ਵਿੱਚ ਸਾਨੂੰ ਵੀ ਦਰਸ਼ਨ ਜਰੂਰ ਬਖਸ਼ੋ ਤਾਂ

ਕਿ ਫੁੱਲਾਂ ਦੀ ਗੁਲਜ਼ਾਰ ਹੋਰ ਮਹਿਕੇ, ਹੋਰ ਅੱਛੀ ਲੱਗੇ।

ਜੇ ਇਸਤਰੀ ਦਾ ਪਤੀ ਘਰ ਨਹੀਂ ਆਉਂਦਾ ਤਾਂ ਉਸ ਦੇ ਮਨ ਵਿੱਚ ਖਿੱਝ ਪੈਦਾ ਹੁੰਦੀ ਹੈ। ਇਨਸਾਨ ਨੂੰ ਕਾਮ ਵੱਸ ਹੋਣ ਤੋਂ ਬਚਣਾ ਚਾਹੀਦਾ ਹੈ। ਕਾਮ ਦੇ ਨਾਲ ਕਰੋਧ ਉਪਜਦਾ ਹੈ। ਲੜਕੀ ਨੂੰ ਵਾਸਤਵ ਵਿੱਚ ਆਪਣੇ ਪਤੀ ਦੇ ਮਿਲਾਪ ਦੀ ਤੜਪ ਹੁੰਦੀ ਹੈ। ਅਗਰ ਉਸਦਾ ਪਤੀ ਨਹੀਂ ਮਿਲਦਾ ਤਦ ਉਹ ਘਰਦਿਆਂ ਨਾਲ ਲੜੀ ਜਾਂਦੀ ਹੈ, ਬੱਚਿਆਂ ਨੂੰ ਕੁੱਟੀ ਜਾਂਦੀ ਹੈ, ਸੱਸ ਨਾਲ ਬੋਲ-ਬੁਲਾਰਾ ਕਰਦੀ ਹੈ। ਵਾਸਤਵ ਵਿੱਚ ਕਿਸੇ ਦਾ ਕੋਈ ਕਸੂਰ ਨਹੀਂ ਹੁੰਦਾ। ਉਸਨੂੰ ਪਤੀ ਦੇ ਮਿਲਾਪ ਦੀ ਤਾਂਘ ਹੁੰਦੀ ਹੈ। ਅਗਰ ਉਸ ਨਾਲ ਕੋਈ ਬੋਲਾਂ ਦੀ ਸਾਂਝ ਕਰੇ, ਸੱਸ ਜਾਂ ਨਣਦ ਪੁੱਛੇ ਤੇਰੇ ਪਤੀ ਨੇ ਆਉਣਾ ਸੀ। ਜਾਂ ਆਪਾ ਅਰਦਾਸ ਕਰੀਏ ਕਿ ਜਲਦੀ ਆਵੇ ਫੇਰ ਤਾਂ ਉਸ ਦਾ ਦਿਲ ਲੱਗ ਜਾਂਦਾ ਹੈ। ਇੰਝ ਜਿਸ ਦਾ ਪਤੀ ਪਰਦੇਸ ਹੁੰਦਾ ਹੈ ਦੂਜੇ ਸਾਰੇ ਖੁਸ਼ ਹੁੰਦੇ ਹਨ ਪਰ ਉਸ ਦਾ ਮਨ ਅੰਦਰੋਂ ਖੁਸ਼ ਨਹੀਂ ਹੁੰਦਾ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਗਰ ਇਸਤਰੀ ਦਾ ਪਤੀ ਘਰ ਨਹੀਂ ਹੈ ਤਦ ਉਸ ਨੂੰ ਸਾਰੀਆਂ ਖੁਸ਼ੀਆਂ ਅਧੂਰੀਆਂ ਲੱਗਦੀਆਂ ਹਨ।

ਕੋਇਲ ਮਿੱਠੀ ਬੋਲੀ ਵਿੱਚ ਬਹੁਤ ਪੁਕਾਰ ਕਰਦੀ ਹੈ ਪਰ ਵਾਸਤਵ ਵਿੱਚ ਉਹ ਦੁੱਖ ਸਹਾਰ ਰਹੀ ਹੁੰਦੀ ਹੈ। ਸਾਨੂੰ ਲੱਗਦਾ ਹੈ ਕਿ ਕੋਇਲ ਗੀਤ ਗਾਉਂਦੀ ਹੈ ਪਰ ਦਿਲੋਂ ਉਹ ਹੂਕ ਮਾਰਦੀ ਹੈ। ਗੁਰਬਾਣੀ ਵਿੱਚ ਅੰਕਿਤ ਹੈ ਕਿ

*ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥*
*ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥ (ਅੰਗ 794)*

ਐ ਕੋਇਲ! ਤੂੰ ਐਨੇ ਸੋਹਣੇ ਗੀਤ ਗਾਉਂਦੀ ਏਂ, ਤੇਰਾ ਬੋਲ ਐਨਾ ਮਿੱਠਾ ਹੈ। ਸ਼੍ਰੀਮਤੀ ਸੁਰਿੰਦਰ ਕੌਰ ਨੂੰ ਪੰਜਾਬ ਸਰਕਾਰ ਵਲੋਂ ਗਾਇਕੀ ਵਿੱਚ ਕੋਇਲ ਦਾ ਖਿਤਾਬ ਮਿਲਿਆ ਸੀ। ਪਰ ਕੋਇਲ ਨੂੰ ਪੁੱਛਿਆ ਗਿਆ ਕਿ ਤੇਰੀ ਐਨੀ ਸਿਫ਼ਤ ਹੁੰਦੀ ਹੈ ਪਰ ਤੂੰ ਕਾਲੀ ਕਿਉਂ ਏਂ? ਕੋਇਲ ਨੇ ਉੱਤਰ ਦਿੱਤਾ ਕਿ ਮੈਂ ਆਪਣੇ ਪਤੀ ਦੀ ਬਿਰਹੋਂ ਵਿੱਚ ਵੈਰਾਗ ਕਰ-ਕਰ ਕੇ ਕਾਲੀ ਹੋ ਗਈ ਹਾਂ। ਸੋਈ ਜਦੋਂ ਕੋਈ ਸੱਜਣ, ਪਿਆਰਾ ਜਾਂ ਮਾਲਿਕ ਮਿਲਦੇ ਹਨ ਤਾਂ ਉਸ ਵਕਤ ਐਨੀ ਖੁਸ਼ੀ ਹੁੰਦੀ ਹੈ ਕਿ ਇਸਦੀ ਤੁਲਨਾ ਵਿੱਚ ਹੋਰ ਕੋਈ ਖੁਸ਼ੀ ਨਹੀਂ ਹੋ ਸਕਦੀ।

ਭੰਵਰਾ ਫੁੱਲਾਂ ਦੀ ਖੁਸ਼ਬੂ ਉੱਪਰ ਅਤੇ ਫੁੱਲਾਂ ਦੇ ਖਿੜਨ ਉੱਤੇ ਰਾਗ ਗਾਉਂਦਾ ਹੈ, ਖੁਸ਼ੀਆਂ ਮਨਾਉਂਦਾ ਹੈ। ਜੰਗਲ ਵਿੱਚ ਜਾਂ ਕੁਦਰਤ ਅਨੁਸਾਰ ਘਾਹ ਦੀਆਂ ਤਿੰਨ ਸੌ ਕਿਸਮਾਂ ਹਨ। ਜੋ ਵਿਗਿਆਨੀਆਂ ਨੇ, ਬਾਇਓ ਵਾਲਿਆਂ ਨੇ, ਬੌਟਨੀ ਵਾਲਿਆਂ ਨੇ ਖੋਜ ਕੀਤੀ ਹੈ ਇਸ ਅਨੁਸਾਰ ਘਾਹ ਤਿੰਨ ਸੌ ਕਿਸਮ ਦਾ ਹੈ। ਪਰ ਫੁੱਲ ਬਹੁਤ ਕਿਸਮ ਦੇ ਹਨ। ਉਹਨਾਂ ਵਿੱਚ ਕਈ ਫੁੱਲ ਐਸੇ ਹਨ ਜੋ ਸਵੇਰ ਸਮੇਂ ਖਿੜਦੇ ਹਨ ਅਤੇ ਰਾਤ ਸਮੇਂ ਇਕੱਠੇ ਹੋ ਜਾਂਦੇ ਹਨ ਅਤੇ ਉਹ ਸਵੇਰੇ ਫੇਰ ਖਿੜਦੇ ਹਨ। ਭਵਰੇ ਨੂੰ ਪਤਾ ਹੁੰਦਾ ਹੈ ਕਿ ਇਸ ਫੁੱਲ ਨੇ ਇਕੱਠਾ ਹੋ ਜਾਣਾ ਹੈ ਅਤੇ ਮੈਂ ਇਸ ਵਿਚ ਘੁੱਟ ਕੇ ਮਰ ਜਾਵਾਂਗਾ ਪਰ ਉਹ ਫੁੱਲ ਉੱਪਰੋਂ ਉੱਠਦਾ ਨਹੀਂ ਹੈ। ਭੰਵਰੇ ਨੂੰ ਕਿਹਾ ਗਿਆ ਕਿ ਅਗਰ ਤੂੰ ਨਾ ਉੱਠਿਆ ਤਦ ਤੇਰੀ ਮੌਤ ਹੋ ਜਾਵੇਗੀ। ਉਸ ਨੇ ਉੱਤਰ ਦਿੱਤਾ ਕਿ ਮੇਰੇ ਜਿਉਂਦੇ ਰਹਿਣ ਦਾ ਕੀ ਫਾਇਦਾ ਅਗਰ ਮੈਂ ਕੋਲ ਹੁੰਦਿਆਂ ਹੋਇਆਂ ਵੀ ਫੁੱਲ ਦੀ ਸੰਗਤ ਨਾ ਕੀਤੀ।

*ਸੋ ਕਿਉ ਵਿਸਰੈ ਮੇਰੀ ਮਾਏ ॥*
*ਸਾਚਾ ਸਾਹਿਬੁ ਸਾਚੈ ਨਾਇ ॥ (ਅੰਗ 9)*

ਸੱਚੇ ਨਾਮ ਤੋਂ ਵਿਛੜ ਕੇ ਲੋਕ ਜਿਉਂਦੇ ਕਿੰਝ ਹਨ। ਹਜੂਰ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ ਕਿ

*ਆਖਾ ਜੀਵਾ ਵਿਸਰੈ ਮਰਿ ਜਾਉ ॥*
*ਆਖਣਿ ਅਉਖਾ ਸਾਚਾ ਨਾਉ ॥*
*ਸਾਚੇ ਨਾਮ ਕੀ ਲਾਗੈ ਭੂਖ ॥*
*ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥ (ਅੰਗ 9)*

ਭੰਵਰੇ ਨੂੰ ਪਤਾ ਹੈ ਕਿ ਮੈਂ ਫੁੱਲ ਵਿੱਚ ਬੰਦ ਹੋ ਕੇ ਮਰ ਜਾਵਾਂਗਾ ਪਰ ਉਹ ਮੌਤ ਤੋਂ ਨਹੀਂ ਡਰਦਾ।

*ਕੋਈ ਪੂਛੇ ਪਤੰਗੇ ਸੇ ਜਾਕਰ*
*ਕਿਆ ਮਿਲਤਾ ਹੈ ਜਲ ਜਾਨੇ ਮੇਂ।*
*ਭਲਾ ਪ੍ਰੇਮ ਵਹਾਂ ਕਿਆ ਰਖਾ ਹੈ*
*ਜਹਾਂ ਮੌਤ ਪੜੀ ਸਿਰਾਹਨੇ ਮੇਂ।*

ਪੰਤਗੇ ਨੂੰ ਕਿਸੇ ਨੇ ਕਿਹਾ ਕਿ ਜਾਹ ਜਾ ਕੇ ਦੇਖ ਕੇ ਆ ਪਿੰਡ ਵਿੱਚ ਦੀਵੇ ਜਗ ਪਏ ਹਨ? ਉੱਥੇ ਨੇੜੇ ਹੀ ਦੋ ਤਿੰਨ ਭਬੰਕੜ ਵੀ ਬੈਠੇ ਸਨ ਕਿ ਅਸੀਂ ਵੀ ਵੇਖ ਕੇ ਆਉਂਦੇ ਹਾਂ ਤਾਂ ਕਿ ਲੋਕ ਸਾਨੂੰ ਵੀ ਪਤੰਗੇ ਸਮਝਣ। ਪਤੰਗਾ ਤਾਂ ਉੱਥੇ ਹੀ ਸੜ ਕੇ ਮਰ ਗਿਆ, ਪਰ ਭਬੰਕੜ ਆ ਕੇ ਕਹਿਣ ਲੱਗੇ ਹਾਂ ਜੀ ਉੱਥੇ ਦੀਵੇ ਜਗ ਰਹੇ ਹਨ। ਉਹ ਕਹਿਣ ਲੱਗੇ ਤੁਸੀਂ ਪਤੰਗੇ ਨਹੀਂ ਹੋ ਅਗਰ ਤੁਸੀਂ ਪਤੰਗੇ ਹੁੰਦੇ ਤਾਂ ਉੱਥੇ ਹੀ ਸੜ ਕੇ ਮਰ ਜਾਣਾ ਸੀ। ਸੋਈ ਜੋ ਗੁਰੂ ਪਿਆਰੇ ਹੁੰਦੇ ਹਨ ਉਹ ਮੌਤ ਬਰਦਾਸ਼ਤ ਕਰ ਸਕਦੇ ਹਨ। ਹਜੂਰ ਕਬੀਰ ਸਾਹਿਬ ਫਰਮਾਉਂਦੇ ਹਨ ਕਿ

*ਕਰਵਤੁ ਭਲਾ ਨ ਕਰਵਟ ਤੇਰੀ ॥*
*ਲਾਗੁ ਗਲੇ ਸੁਨ ਬਿਨਤੀ ਮੇਰੀ ॥ (ਅੰਗ 484)*

ਹਜ਼ੂਰ ਮੈਨੂੰ ਆਰੇ ਨਾਲ ਚੀਰ ਦਿਉ ਪਰ ਮੇਰੇ ਵੱਲ ਪਿੱਠ ਨਾ ਕਰਿਉ। ਸੋਈ ਉਸ ਪ੍ਰੀਤਮ ਦੇ ਵੈਰਾਗ ਵਿੱਚ ਇਸ ਨਵੇਂ

ਸਾਲ ਦੇ ਆਰੰਭ ਵਿੱਚ ਹਜ਼ੂਰ ਪਹਿਲੇ ਪਾਤਿਸ਼ਾਹ, ਹਜ਼ੂਰ ਪੰਜਵੇਂ ਪਾਤਿਸ਼ਾਹ ਨੇ ਅਤੇ ਵੇਦਾਂ ਸ਼ਾਸਤਰਾਂ ਵਿੱਚ ਬਖ਼ਸ਼ਿਸ਼ ਕੀਤੀ ਹੋਈ ਹੈ। ਉਸ ਬਖ਼ਸ਼ਿਸ਼ ਤੋਂ ਅਸੀਂ ਵਾਂਝੇ ਹੁੰਦੇ ਜਾ ਰਹੇ ਹਾਂ ਅਤੇ ਪੱਛਮੀ ਸਭਿਅਤਾ ਅਨੁਸਾਰ ਅਸੀਂ Happy New Year ਦੇ ਕਾਰਡ ਛਪਵਾਉਂਦੇ ਹਾਂ। ਦੇਖੋ ਨਵੇਂ ਸਾਲ ਵਿੱਚ ਉਸ ਮਾਲਿਕ ਨੂੰ ਮਿਲਣ ਦੀਆਂ ਜੋਦੜੀਆਂ, ਫਰਿਆਦਾਂ ਅਤੇ ਤਰੀਕੇ ਸਾਡੇ ਗੁਰੂ ਸਾਹਿਬਾਨ ਨੇ ਸਾਨੂੰ ਗੁਰਬਾਣੀ ਦੇ ਰੂਪ ਵਿੱਚ ਬਖ਼ਸ਼ਿਸ਼ ਕੀਤੇ ਹਨ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਭੰਵਰਾ ਫੁੱਲ ਉੱਪਰ ਮੋਹਿਤ ਹੁੰਦਾ ਹੈ ਅਤੇ ਪਤੰਗਾ ਦੀਪਕ ਦੀ ਲਾਟ ਤੋਂ ਪਿੱਛੇ ਨਹੀਂ ਮੁੜਦਾ ਅਤੇ ਜਾਨ ਦੇ ਦਿੰਦਾ ਹੈ।

ਅਗਰ ਲੜਕੀ ਨੂੰ ਉਸ ਦਾ ਪਤੀ ਮਿਲ ਜਾਂਦਾ ਹੈ ਅਤੇ ਗੁਰਸਿੱਖ ਉੱਪਰ ਗੁਰਬਾਣੀ ਦੀ ਬਖ਼ਸ਼ਿਸ਼ ਹੋ ਜਾਂਦੀ ਹੈ, ਸੰਤਾਂ ਦਾ ਮਿਲਾਪ ਹੋ ਜਾਂਦਾ ਹੈ ਤਦ ਉਸ ਤੋਂ ਵੱਡਾ ਦੁਨੀਆਂ ਵਿੱਚ ਹੋਰ ਕੋਈ ਸੁਖ ਨਹੀਂ ਹੈ। ਜੋ ਅਨੰਦ ਆਤਮਾ ਨੂੰ ਪ੍ਰਮਾਤਮਾ ਨਾਲ ਮਿਲ ਕੇ ਅਤੇ ਇਸਤਰੀ ਨੂੰ ਪਤੀ ਨਾਲ ਮਿਲ ਕੇ ਮਿਲਦਾ ਹੈ ਉਹ ਅਨੰਦ ਹੋਰ ਕਿਤੇ ਪ੍ਰਾਪਤ ਨਹੀਂ ਹੁੰਦਾ।

ਹਜ਼ੂਰ ਕਿਰਪਾ ਕਰਨ। ਚੇਤ ਦਾ ਮਹੀਨਾ ਐਤਵਾਰ ਦਾ ਦਿਨ ਖੁਸ਼ੀਆਂ ਭਰਿਆ ਬਿਤਾਉਣ। ਕੈਲੇਫੋਰਨੀਆ ਸਾਡੇ ਦੇਸ਼ ਤੋਂ ਸਭ ਤੋਂ ਦੂਰ ਹੈ। ਉੱਥੇ ਵੀ ਅਤੇ ਵਿਦੇਸ਼ਾਂ ਵਿੱਚ ਹੁਣ ਸੰਗ੍ਰਾਂਦ ਹੋ ਚੁੱਕੀ ਹੈ। ਦੇਸ਼ ਵਿਦੇਸ਼ ਵਿੱਚ ਵਸਦੀ ਸਾਰੀ ਸੰਗਤ ਨੂੰ ਨਵੇਂ ਸਾਲ ਦੀ ਬਹੁਤ-ਬਹੁਤ ਵਧਾਈ। ਹਜ਼ੂਰ ਪਰਿਵਾਰਾਂ ਵਿੱਚ ਸੁਖ, ਸ਼ਾਂਤੀ, ਖੇੜੇ, ਇਤਿਫਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ ਅਤੇ ਨਾਮ ਦੀ ਦਾਤ ਬਖਸ਼ਦੇ ਹੋਇਆਂ ਹਜ਼ੂਰ ਨੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖ਼ਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਹੁਣ ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਮਾਝ ਰਾਗ ਵਿੱਚ ਇਸ ਮਹੀਨੇ ਬਾਰੇ ਜੋ ਭੇਦ ਬਖ਼ਸ਼ ਰਹੇ ਹਨ ਉਹ ਵੀ ਆਪਾਂ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ ਫ਼ੁਰਮਾਨ ਕਰ ਰਹੇ ਹਨ ਕਿ ਉਸ ਮਾਲਿਕ ਅਕਾਲ ਪੁਰਖ ਵਾਹਿਗੁਰੂ, ਧੁਰ ਕੀ ਬਾਣੀ, ਅੱਲਾਹ, ਗਾਡ, ਰਾਮ, ਰਮਈਆ, ਗੁਸਈਆ ਅੱਗੇ ਹੱਥ ਜੋੜ ਕੇ ਬੇਨਤੀ ਕਰੋ ਕਿ ਹਜ਼ੂਰ ਸਾਡੀ ਕੁਝ ਕਿਰਤ ਗਲਤ ਸੀ ਕੁਝ ਕਰਮ ਗਲਤ ਸਨ ਜਿਸ ਕਾਰਣ ਸਾਡਾ ਤੁਹਾਡੇ ਨਾਲੋਂ ਵਿਛੋੜਾ ਪੈ ਗਿਆ ਸੀ। ਹਜ਼ੂਰ ਹੁਣ ਕਿਰਪਾ ਕਰਕੇ ਆਪਣਾ ਮਿਲਾਪ ਬਖ਼ਸ਼ੋ। ਅਗਰ ਲੜਕੀ ਕਿਤੇ ਕਿਸੇ ਗੱਲ ਕਾਰਨ ਰੁੱਸ ਜਾਂਦੀ ਹੈ ਤਦ ਉਸ ਦਾ ਫਰਜ ਬਣਦਾ ਹੈ ਕਿ ਆਪਣੇ ਪਤੀ ਦੇ ਮਿਲਾਪ ਲਈ ਅਰਦਾਸ ਕਰੇ। ਅਗਰ ਪਤੀ ਨਾਲ ਇੰਝ ਹੁੰਦਾ ਹੈ ਤਦ ਪਤੀ ਦਾ ਵੀ ਫਰਜ ਬਣਦਾ ਹੈ ਕਿ ਉਹ ਵੀ ਮਿਲਾਪ ਲਈ ਅਰਦਾਸ ਕਰੇ। ਅਗਰ ਗੁਰਸਿੱਖ ਨੂੰ ਕੋਈ ਐਸੀ ਕਮੀ ਆਉਂਦੀ ਹੈ ਤਦ ਉਹ ਵੀ ਮਿਲਾਪ ਲਈ ਅਰਦਾਸ ਕਰੇ ਕਿ ਹਜ਼ੂਰ ਕਰ ਕਿਰਪਾ, ਕਰ ਕਿਰਪਾ, ਕਰ ਕਿਰਪਾ।

*ਕਰਿ ਕਿਰਪਾ ਕਿਰਪਾਲ ਆਪੇ ਬਖਸਿ ਲੈ॥ (ਅੰਗ 961)*

ਗੁਰਬਾਣੀ ਵਿੱਚ ਬਾਰ-ਬਾਰ ਕਿਰਪਾ ਬਾਰੇ ਬੇਨਤੀਆਂ ਕੀਤੀਆਂ ਹਨ। ਮਾਲਿਕ ਕੋਲ ਅਰਦਾਸ ਕਰੋ ਕਿ ਹਜ਼ੂਰ ਤੁਸੀਂ ਕਿਰਪਾ ਦੇ ਭੰਡਾਰ ਹੋ। ਅਸੀਂ ਕਿਰਤ ਅਤੇ ਕਰਮ ਕਰਕੇ ਤੁਹਾਡੇ ਨਾਲੋਂ ਵਿੱਛੜ ਗਏ ਹਾਂ ਹੁਣ ਸਾਨੂੰ ਆਪਣਾ ਮਿਲਾਪ ਬਖ਼ਸ਼ੋ।

ਉੱਤਰ, ਦੱਖਣ, ਪੂਰਬ, ਪੱਛਮ ਅਸੀਂ ਸਾਰੀਆਂ ਦਿਸ਼ਾਵਾਂ ਵਿੱਚ ਭੱਜ ਕੇ ਅਤੇ ਭਟਕ ਕੇ ਦੇਖ ਲਿਆ ਹੈ। ਹੁਣ ਤੁਹਾਡੀ ਸ਼ਰਨ ਵਿੱਚ ਆਏ ਹਾਂ। ਹੁਣ ਸਾਨੂੰ ਸਹਾਰਾ ਦਿਉ, ਬਖਸ਼ਿਸ਼ ਕਰੋ। ਕਿਉਂਕਿ ਜਿਹੜੀ ਸੰਗਤ ਨੇ ਯਤਨ ਨਹੀਂ ਕੀਤੇ ਉਹਨਾਂ ਨੂੰ ਪਤਾ ਨਹੀਂ ਹੈ ਕਿ ਉੱਤਰ, ਦੱਖਣ ਕੀ ਹੈ, ਪੂਰਬ, ਪੱਛਮ ਕੀ ਹੈ।

ਜਦੋਂ ਸਾਡੇ ਮਾਤਾ ਜੀ ਬਿਮਾਰ ਸਨ ਉਹਨਾਂ ਨੂੰ ਦੰਦਲ ਪਈ ਬੇਹੋਸ਼ ਹੋ ਗਏ। ਸਾਡੇ ਸਹੁਰਾ ਸਾਹਿਬ ਨੇ ਪੁੱਛਿਆ ਕਿ ਬੀਬੀ ਨੂੰ ਕੀ ਤਕਲੀਫ ਹੈ ਕਿਉਂਕਿ ਉਦੋਂ ਬੀਬੀਆਂ ਕੁੜਮਾਂ ਤੋਂ ਘੁੰਡ ਕੱਢਦੀਆਂ ਸਨ। ਅਸੀਂ ਕਿਹਾ ਬਾਪੂ ਜੀ ਇਹਨਾਂ ਨੂੰ ਕੋਈ ਬਾਹਰ ਕੀ ਕਸਰ ਹੈ। ਉਹ ਕਹਿਣ ਲੱਗੇ ਫੇਰ ਤੂੰ ਕਾਹਦਾ ਪੁੱਤਰ ਏਂ ? ਤੇਰੀ ਮਾਂ ਨੂੰ ਐਨੀ ਤਕਲੀਫ ਹੈ ਅਤੇ ਤੂੰ ਵਧੀਆ ਕੱਪੜੇ ਪਾ ਕੇ ਪੱਗੂ ਬੰਨ੍ਹ ਕੇ ਤੁਰਿਆ ਫਿਰਦਾ ਏਂ। ਉਹਨਾਂ ਨੇ ਪੱਗ ਨਹੀਂ ਪੱਗੂ ਕਿਹਾ ਸੀ। ਤੇਰੀ ਮਾਂ ਦੁੱਖ ਵਿੱਚ ਹੈ ਤੈਨੂੰ ਇਹ ਸਭ ਕੁਝ ਕਿਵੇਂ ਸੁੱਝਦਾ ਹੈ। ਅਸੀਂ ਕਿਹਾ ਬਾਪੂ ਜੀ ਸਾਨੂੰ ਦੱਸੋ ਮੈਂ ਕਿੱਥੇ ਜਾਵਾਂ ? ਮੈਂ ਬਹੁਤ ਵਾਰ ਗੁਰਦੁਆਰੇ ਸ੍ਰੀ ਦਰਬਾਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ ਗਿਆ ਹਾਂ ਪਰ ਗੱਲ ਨਹੀਂ ਬਣਦੀ। ਉਹ ਕਹਿਣ ਲੱਗੇ ਤੂੰ ਕਿਸੇ ਪੂਰਨ ਸੰਤ ਬਖਸ਼ੇ ਹੋਏ ਸੰਤ ਨੂੰ ਮਿਲ। ਉੱਥੋਂ ਗੱਲ ਬਣੇਗੀ। ਉਹ ਤੈਨੂੰ ਦੱਸਣਗੇ ਕਿ ਗੁਰਬਾਣੀ ਦਾ ਪਾਠ ਕਿੱਦਾਂ ਕਰਨਾ ਹੈ। ਅਸੀਂ ਕਿਹਾ ਉਹ ਸੰਤ ਕਿੱਥੇ ਹਨ ? ਮੈਂ ਹੁਣੇ ਜਾਣ ਲਈ ਤਿਆਰ ਹਾਂ। ਮੈਂ ਤੁਹਾਨੂੰ ਵੀ ਨਹੀਂ ਮਿਲਦਾ ਅਤੇ ਬਾਹਰੋਂ ਬਾਹਰ ਹੀ ਉਹਨਾਂ ਕੋਲ ਚਲਾ ਜਾਂਦਾ ਹਾਂ। ਉਹ ਕਹਿਣ ਲੱਗੇ ਉਹਨਾਂ ਨੂੰ ਲੱਭਣਾ ਤੇਰਾ ਫਰਜ ਹੈ। ਜਿਹੜਾ

ਦੁਖੀਆ ਹੈ ਉਹ ਖੁਦ ਲੱਭੇ ਕਿ ਹਕੀਮ ਕਿੱਥੇ ਹੈ। ਪਰ ਦੁਨੀਆਂ ਵਿੱਚ ਸੰਤ ਹੁੰਦੇ ਜ਼ਰੂਰ ਹਨ।

ਅਸੀਂ ਉਸ ਦਿਨ ਤੋਂ ਘਰੋਂ ਪੈਦਲ ਚੱਲ ਕੇ ਗੋਇੰਦਵਾਲ ਸਾਹਿਬ, ਖਡੂਰ ਸਾਹਿਬ, ਤਰਨਤਾਰਨ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਗਏ। ਕੇਸਾਂ ਨਾਲ ਪ੍ਰਕਰਮਾ ਧੋਤੀਆਂ। ਸਾਰੇ ਗੁਰਦੁਆਰਿਆਂ, ਮੰਦਰਾਂ, ਮਸਜਿਦਾਂ ਵਿੱਚ ਗਏ। ਹਜ਼ਰਤ ਬਲ ਜਾ ਕੇ ਨਮਾਜ਼ ਪੜ੍ਹਨੀ ਸਿੱਖੀ, ਕਾਹਨਗੜ੍ਹ ਅਜਨਾਲੇ ਜਾ ਕੇ ਲਾਰਡ ਕ੍ਰਾਈਸਟ ਦੀ ਪ੍ਰੇਅਰ ਸਿੱਖੀ। ਮਥੁਰਾ, ਕਾਸ਼ੀ, ਹਰਿਦੁਆਰਾ ਜਾ ਕੇ ਆਰਤੀਆਂ ਉਤਾਰੀਆਂ। ਅਤੇ ਸਿੱਖਾਂ ਦੇ ਘਰ ਜਨਮ ਹੋਣ ਕਰਕੇ ਅਰਦਾਸਾਂ ਵੀ ਕਰੀਦੀਆਂ ਸੀ ਪਰ ਗੱਲ ਨਹੀਂ ਬਣੀ। ਅਖੀਰ ਜਦੋਂ ਕੋਈ ਪੇਸ਼ ਨਹੀਂ ਗਈ ਤਦ ਅਰਦਾਸ ਕੀਤੀ ਕਿ ਸੱਚੇ ਪਾਤਿਸ਼ਾਹੋ! ਅਗਰ ਮੇਰੇ ਕਰਮਾਂ ਵਿੱਚ ਭਗਤੀ ਨਹੀਂ ਹੈ, ਸੰਤਾਂ ਦਾ ਮਿਲਾਪ ਨਹੀਂ ਹੈ ਤਾਂ ਮੇਰੇ ਪ੍ਰਾਣ ਛੁਡਾ ਦਿਉ। ਉਸ ਦਿਨ ਸਚਮੁੱਚ ਅਰਦਾਸ ਕਰਕੇ ਗਏ ਸੀ। ਉਦੋਂ ਮਿਊਜ਼ਿਅਮ ਵਿੱਚ ਸੱਤ ਕਰੋੜ ਦੀ ਚੋਰੀ ਹੋਈ ਸੀ। ਅਸੀਂ ਪੁਲੀਸ ਦੀ ਨੌਕਰੀ ਕਰਦੇ ਸੀ। ਅਸੀਂ ਘਰ ਦੱਸਿਆ ਕਿ ਸਾਨੂੰ ਉਸ ਚੋਰੀ ਦੀ ਤਫਤੀਸ਼ ਦੇ ਸੰਬੰਧ ਵਿੱਚ ਬਾਹਰ ਜਾਣਾ ਪੈਣਾ ਹੈ। ਸ਼ਾਇਦ ਅਸੀਂ ਲੇਟ ਹੋ ਜਾਈਏ, ਸਾਡਾ ਇੰਤਜਾਰ ਨਾ ਕਰਿਉ। ਅਤੇ ਅਰਦਾਸ ਕੀਤੀ ਕਿ ਸੱਚੇ ਪਾਤਿਸ਼ਾਹੋ ਜਾਂ ਆਪਣਾ ਮਿਲਾਪ ਬਖਸ਼ ਦਿਉ ਜਾਂ ਪ੍ਰਾਣ ਛੁਡਾ ਦਿਉ। ਸਾਨੂੰ ਪਤਾ ਹੈ ਭਗਤੀ ਕਿਸ ਤਰ੍ਹਾਂ ਕੀਤੀ ਜਾਂਦੀ ਹੈ। ਪਰ ਜੋ ਏਅਰ ਕੰਡੀਸ਼ਨਡ ਕਾਰਾਂ ਵਿੱਚ ਬੈਠ ਕੇ ਆਉਂਦੇ ਹਨ ਉਹਨਾਂ ਨੂੰ ਕੀ ਪਤਾ ਹੈ ਕਿ ਭਗਤੀ ਕੀ ਹੈ।

*ਸਿਖੀ ਦਾ ਕਮਾਵਣਾ ਹੱਡਾਂ ਨੂੰ ਰੋਗ ਲਾਵਣਾ*
*ਜਿਉਂਦਿਆਂ ਮਰ ਜਾਵਣਾ।*

ਹਜ਼ੂਰ ਪੰਜਵੇਂ ਪਾਤਿਸ਼ਾਹ ਫ਼ੁਰਮਾਨ ਕਰ ਰਹੇ ਹਨ ਕਿ ਹਜ਼ੂਰ ਅਸੀਂ ਬਹੁਤ ਥੱਕ ਗਏ ਹਾਂ। ਸਾਰੀਆਂ ਦਿਸ਼ਾਵਾਂ ਵਿੱਚ ਭਟਕ ਕੇ ਦੇਖ ਲਿਆ ਹੈ। ਹੁਣ ਤੁਹਾਡੀ ਸ਼ਰਨ ਵਿੱਚ ਆਏ ਹਾਂ। ਹੁਣ ਸਾਡੇ ਉੱਪਰ ਕਿਰਪਾ, ਬਖ਼ਸ਼ਿਸ਼ ਅਤੇ ਰਹਿਮਤ ਕਰੋ।

ਧੇਨੁ ਗਊ ਨੂੰ ਕਹਿੰਦੇ ਹਨ। ਜੋ ਗਊ ਦੁਧ ਨਹੀਂ ਦਿੰਦੀ ਉਸ ਨੂੰ ਪਾਲਣ ਵਾਲੇ ਜਾਂ ਜ਼ਿਮੀਦਾਰ ਆਪਣੇ ਘਰ ਨਹੀਂ ਰੱਖਦੇ। ਗਊਸ਼ਾਲਾ ਛੱਡ ਆਉਂਦੇ ਹਨ ਜਾਂ ਬੁੱਚੜਾਂ ਕੋਲ ਚਲੀ ਜਾਂਦੀ ਹੈ। ਹਜ਼ੂਰ ਅਗਰ ਸਾਨੂੰ ਨਾਮ ਦੀ ਪ੍ਰਾਪਤੀ ਨਾ ਹੋਈ ਤਦ ਸਾਨੂੰ ਇਸ ਤਰ੍ਹਾਂ ਧੱਕੇ ਪੈਣਗੇ। ਲੋਕ ਘਰੋਂ ਕੱਢ ਦੇਣਗੇ। ਇਸ ਕਰਕੇ ਹਜ਼ੂਰ ਸਾਨੂੰ ਆਪਣੀ ਸ਼ਰਨ ਬਖ਼ਸ਼ੋ।

ਹਜ਼ੂਰ ਦੂਸਰਾ ਪ੍ਰਮਾਣ ਦੇ ਰਹੇ ਹਨ ਕਿ ਅਗਰ ਕਿੰਨਾ ਵੀ ਵਧੀਆ ਬੂਟਾ ਜਾਂ ਸੁੰਦਰ ਫੁੱਲ ਹੋਣ ਅਗਰ ਉਹਨਾਂ ਨੂੰ ਪਾਣੀ ਨਹੀਂ ਦਿੱਤਾ ਜਾਂਦਾ ਤਦ ਉਹ ਬੂਟਾ ਜਾਂ ਫੁੱਲ ਮੁਰਝਾ ਜਾਂਦੇ ਹਨ। ਇਸ ਤਰ੍ਹਾਂ ਜਿਸ ਆਤਮਾ ਨੂੰ ਪ੍ਰਮਾਤਮਾ ਦਾ ਮਿਲਾਪ ਨਹੀਂ ਹੁੰਦਾ, ਗੁਰਬਾਣੀ ਦੀ ਬਖ਼ਸ਼ਿਸ਼ ਨਹੀਂ ਹੁੰਦੀ। ਉਹ ਆਤਮਾ ਖਿਝੀ ਰਹਿੰਦੀ ਹੈ, ਕੁਮਲਾ ਜਾਂਦੀ ਹੈ। ਮਾਲੀ ਨੂੰ ਬੂਟਿਆਂ ਨਾਲ ਪਿਆਰ ਹੁੰਦਾ ਹੈ। ਸਾਨੂੰ ਮਾਲਿਕ ਨੇ ਜਿੱਥੇ ਵੀ ਕਿਤੇ ਮਕਾਨ, ਘਰ, ਸਤਿਸੰਗ ਸਥਾਨ, ਕਾਲਜ ਜਾਂ ਖੇਤ ਬਖਸ਼ੇ ਹਨ ਉੱਥੇ ਅਸੀਂ ਫੁੱਲਵਾੜੀ ਜਰੂਰ ਲਗਾਉਂਦੇ ਹਾਂ। ਬਗੀਚਾ ਜ਼ਰੂਰ ਬਣਾਉਂਦੇ ਹਾਂ। ਹੁਣ ਇੱਥੇ ਸਤਿਸੰਗ ਵਾਲੇ ਸਥਾਨ ਉੱਤੇ ਵੀ ਜਦੋਂ ਗੇਟ ਦੇ ਅੰਦਰ ਆਈਦਾ ਹੈ ਤਦ ਫੁੱਲਾਂ ਦੀ ਗੁਲਜ਼ਾਰ ਖਿੜੀ ਦੇਖ ਕੇ ਮਨ ਖੁਸ਼ ਹੋ ਜਾਂਦਾ ਹੈ। ਜਦੋਂ ਅੰਦਰ ਆਈਦਾ ਹੈ ਫੁੱਲ ਇੰਝ ਲੱਗਦੇ ਹਨ ਜਿਵੇਂ ਬੀਬੀਆਂ ਦੇ ਉੱਪਰ ਲੈਣ ਵਾਲੀਆਂ ਫੁਲਕਾਰੀਆਂ ਜਾਂ ਸ਼ਾਲ ਜਾਂ ਬਾਗ ਵਿਛਾ ਰੱਖੇ ਹੋਣ। ਫੁੱਲ ਇੱਕ ਐਸੀ ਚੀਜ਼ ਹੈ ਜੋ ਮਿੱਟੀ ਵਿੱਚ ਵੀ ਖ਼ੁਸ਼ਬੂ ਪੈਦਾ ਕਰਦਾ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਪੌਦਾ ਚਾਹੇ ਕਿੰਨਾ ਵੀ ਸੋਹਣਾ ਹੋਵੇ, ਫੁਲਦਾਰ ਹੋਵੇ ਅਗਰ ਉਸ ਨੂੰ ਪਾਣੀ ਨਾ ਮਿਲੇ ਤਾਂ ਉਹ ਮੁਰਝਾ ਜਾਂਦਾ ਹੈ। ਇਸ ਤਰ੍ਹਾਂ ਸੱਚੇ ਪਾਤਿਸ਼ਾਹੋ! ਤੁਹਾਡੇ ਨਾਮ ਦਾ ਅੰਮ੍ਰਿਤ ਸਾਨੂੰ ਮਿਲਣਾ ਚਾਹੀਦਾ ਹੈ ਵਰਨਾ ਸਾਡੀ ਆਤਮਾ ਮੁਰਝਾ ਕੇ ਖਤਮ ਨਾ ਹੋ ਜਾਵੇ।

**ਹਰਿ ਨਾਹੁ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ ॥**

*ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥*
*ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥੩੦ ॥*
*(ਅੰਗ 1379)*

ਅੱਜ ਮੇਰਾ ਪਤੀ, ਪ੍ਰੀਤਮ ਮੈਨੂੰ ਨਹੀਂ ਮਿਲਿਆ ਅਤੇ ਮੈਨੂੰ ਰਾਤ ਨੀਂਦ ਨਹੀਂ ਆਈ। ਜਿਹਨਾਂ ਨੂੰ ਕਦੇ ਵੀ ਪ੍ਰੀਤਮ ਨਹੀਂ ਮਿਲਦਾ ਉਹਨਾਂ ਨੂੰ ਰਾਤ ਚੈਨ ਕਿਵੇਂ ਆ ਜਾਂਦੀ ਹੈ। ਉਹ ਨਾਮ ਰੂਪੀ ਸੱਜਣ ਨਾ ਮਿਲੇ ਤਾਂ ਜੀਵ ਨੂੰ ਚੈਨ ਕਿਵੇਂ ਆ ਜਾਂਦੀ ਹੈ। ਇਹ ਸਮਝ ਨਹੀਂ ਲੱਗ ਰਹੀ ਕਿ ਉਹ ਜਿਉਂਦੇ ਕਿੱਦਾਂ ਹਨ। ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਨ ਕੀਤਾ ਹੈ ਕਿ

*ਆਖਾ ਜੀਵਾ ਵਿਸਰੈ ਮਰਿ ਜਾਉ ॥ (ਅੰਗ 9)*

ਜੋ ਪ੍ਰੀਤਮ ਪਿਆਰੇ ਹਨ ਉਹਨਾਂ ਦੀ ਬੋਲੀ ਹੋਰ ਹੁੰਦੀ ਹੈ। ਜੋ ਅਸੀਂ ਆਮ ਦੁਨਿਆਵੀ ਜੀਵ ਹਾਂ ਸਾਡੀ ਬੋਲੀ ਹੋਰ ਹੁੰਦੀ ਹੈ।

ਗ੍ਰਾਮ ਪਿੰਡ, ਨਗਰ ਅਤੇ ਦੇਹ ਨੂੰ ਕਿਹਾ ਗਿਆ ਹੈ। ਜਿਸ ਘਰ ਵਿੱਚ ਲੜਕੀ ਦਾ ਪਤੀ ਨਹੀਂ ਹੁੰਦਾ ਉਹ ਘਰ ਉਸ ਨੂੰ ਭੱਠੇ ਵਾਂਗ ਤਪਦਾ ਨਜ਼ਰ ਆਉਂਦਾ ਹੈ ਕਿਉਂਕਿ ਸਿਆਣਿਆਂ ਦੇ ਬਚਨ ਹਨ

*ਯਾਰਾਂ ਨਾਲ ਬਹਾਰਾਂ।*

ਅਸੀਂ ਦੇਖਿਆ ਹੈ ਕਿ ਧਿਆਨਪੁਰ ਜਾਈਦਾ ਸੀ। ਅਸੀਂ ਸਾਰਿਆਂ ਨੇ ਚਾਅ ਨਾਲ ਡੰਡਾਉਤਾਂ ਕਰਦੇ ਲਾਈਨਾਂ ਮਾਰ-ਮਾਰ ਕੇ ਧਿਆਨਪੁਰ ਜਾਣਾ। ਪਰ ਉਹ ਡੇਰੇ ਉਹ ਸੰਸਥਾ ਦਾਇਰੇ ਬਣ ਜਾਂਦੇ ਹਨ ਜਦੋਂ ਉੱਥੇ ਸਾਧੂ ਨਹੀਂ ਹੰਦੇ। ਹਜ਼ੂਰ ਫ਼ੁਰਮਾ ਰਹੇ ਸਨ ਕਿ

*ਯਾਰਾਂ ਨਾਲ ਬਹਾਰਾਂ।*

ਉਹ ਲੁੱਟਾਂ ਸੰਤਾਂ ਨਾਲ ਹੀ ਹੁੰਦੀਆਂ ਹਨ। ਉਹ ਖੁਸ਼ੀਆਂ ਪਤੀ ਨਾਲ ਹੀ ਹੁੰਦੀਆਂ ਹਨ। ਜਿਸ ਦੇ ਸਿਰ ਉੱਪਰ ਸੁਹਾਗ ਹੈ ਉਹ ਇਸਤਰੀ ਕਿਸੇ ਦੀ ਮੁਥਾਜ ਨਹੀਂ ਹੁੰਦੀ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜਿੱਥੇ ਲੜਕੀ ਦਾ ਪਤੀ ਨਹੀਂ ਹੁੰਦਾ ਉਹ ਘਰ ਭੱਠੇ ਸਮਾਨ ਸੜਦੇ ਨਜ਼ਰ ਆਉਂਦੇ ਹਨ।

ਲੜਕੀ ਨੇ ਚਾਹੇ ਕਿੰਨਾ ਵੀ ਸ਼ਿੰਗਾਰ ਕੀਤਾ ਹੋਵੇ, ਉਸ ਨੂੰ ਚਾਹੇ ਕਿੰਨਾ ਵੀ ਅਨੰਦ ਆ ਰਿਹਾ ਹੋਵੇ ਉਸ ਦੀ ਸਾਰੀ ਦੇਹੀ ਵਿਅਰਥ ਜਾਂਦੀ ਹੈ ਅਗਰ ਉਸ ਦਾ ਪਤੀ ਕੋਲ ਨਹੀਂ ਹੁੰਦਾ। ਅਗਰ ਉਹ ਸੋਹਣੇ ਕੱਪੜੇ ਪਾ ਲਵੇ ਤਾਂ ਲੋਕ ਤਾਅਨੇ ਦਿੰਦੇ ਹਨ ਕਿ ਇਸ ਦਾ ਪਤੀ ਘਰ ਨਹੀਂ ਹੈ ਇਹ ਕਿਸ ਵਾਸਤੇ ਸੋਹਣੇ ਕੱਪੜੇ ਪਾਉਂਦੀ ਹੈ। ਅਗਰ ਪਤੀ ਸਿਰ ਤੇ ਹੋਵੇ ਤਦ ਨਾਲ ਦੀਆਂ ਸਹੇਲੀਆਂ ਪੁੱਛਦੀਆਂ ਹਨ ਕਿ ਭੈਣ! ਇਹ ਸੂਟ ਕਿੱਥੋਂ ਸਿਲਵਾਇਆ ਹੈ? ਕਿਸ ਦੁਕਾਨ ਤੋਂ ਕੱਪੜਾ ਲਿਆ ਹੈ? ਕਿਸ ਦਰਜ਼ੀ ਨੇ ਵਧੀਆ ਸੀਤਾ ਹੈ? ਸੋਈ ਹਾਰ ਸ਼ਿੰਗਾਰ ਸਿਰ ਦੇ ਸਾਈਂ ਨਾਲ ਹੀ ਸੋਭਦੇ ਹਨ।

ਸੱਚੇ ਮਿੱਤਰ ਅਤੇ ਸੱਜਣ ਵੀ ਉੱਥੋਂ ਪਿੱਛੇ ਹਟ ਜਾਂਦੇ ਹਨ ਕਿ ਲੋਕ ਮੈਨੂੰ ਇਹ ਨਾ ਕਹਿਣ ਕਿ ਇਸ ਦੇ ਸਿਰ ਉੱਪਰ ਪਤੀ ਨਹੀਂ ਹੈ ਇਹ ਉਸ ਨੂੰ ਮਿਲਣ ਕਿਉਂ ਗਿਆ ਹੈ। ਪਤੀ ਦੇ ਨਾਲ ਸਾਂਝ ਹੁੰਦੀ ਹੈ। ਪੁੱਤਰਾਂ ਨਾਲ ਦੁਨੀਆਂ ਵਿੱਚ ਸਾਂਝ ਬਣਦੀ ਹੈ।

ਇਸ ਲਈ ਉਸ ਨਾਮ ਰੂਪੀ ਦਾਤ ਵਾਸਤੇ ਬੇਨਤੀਆਂ ਕਰੋ ਕਿ ਹਜ਼ੂਰ ਅਸੀਂ ਸਿਮਰਨ ਕਰਕੇ ਨਾਮ ਪ੍ਰਾਪਤ ਨਹੀਂ ਕਰ ਸਕਦੇ। ਤੁਸੀਂ ਦਾਨ ਦੇ ਤੌਰ 'ਤੇ ਨਾਮ ਦੀ ਦਾਤ ਮੇਰੀ ਝੋਲੀ ਵਿੱਚ ਪਾ ਦਿਉ।

ਜੋ ਅਸੀਂ ਹਰ ਰੋਜ ਬਾਰ-ਬਾਰ ਕਹਿੰਦੇ ਹਾਂ। ਜਦੋਂ ਸਾਡੇ ਹਜ਼ੂਰ ਮਿਲੇ ਤਦ ਸਾਡੇ ਮਾਤਾ ਜੀ ਵੀ ਠੀਕ ਹੋ ਗਏ। ਕਰੀਬ ਸੱਤ ਸਾਲ ਤੱਕ ਸਾਡੇ ਮਾਤਾ ਜੀ ਗੂੰਗੇ ਰਹੇ ਸੀ। ਉਹ ਪੀਰ ਬਹੁਤ ਜਬਰਦਸਤ ਸੀ। ਜਦੋਂ ਉਹ ਜਿਉਂਦਾ ਸੀ ਉਹ ਆਪਣੇ ਹੱਥ, ਪੈਰ, ਲੱਤਾਂ, ਬਾਹਵਾਂ, ਸਿਰ ਖਿਲਾਰ ਲੈਂਦਾ ਸੀ ਅਤੇ ਫੇਰ ਆਪਸ ਵਿੱਚ ਜੁੜ ਜਾਂਦੇ ਸੀ। ਉਸ ਨੇ ਨਿਵਲ ਭੁਇ ਅੰਗਮ ਸਾਧਿਆ ਹੋਇਆ ਸੀ। ਕੋਈ ਅਵੱਗਿਆ ਹੋ ਗਈ ਜਾਂ ਜੀਵ ਨੇ ਕੋਈ ਮਾਣ ਕਰ ਲਿਆ ਕਿ ਇਹ ਬਾਬਾ ਮੈਨੂੰ ਕੀ ਕਰੇਗਾ। ਕੱਟੇ ਨੂੰ ਕਿੱਲੇ ਦੇ ਜ਼ੋਰ ਤੇ ਆਕੜਨਾ ਚਾਹੀਦਾ ਹੈ। ਅਗਰ ਪਿੱਛੇ ਮਾਲਿਕ ਦਾ ਹੱਥ ਹੋਵੇ ਫੇਰ ਇਹ ਫਕੀਰ ਕੁਝ ਨਹੀਂ ਕਹਿੰਦੇ। ਵਰਨਾ ਗੜਬੜ ਹੁੰਦੀ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸਾਨੂੰ ਕੋਈ ਉਸ ਮਾਲਿਕ ਨਾਲ ਜੁੜਿਆ ਸਾਧੂ ਸੰਤ ਮਿਲ ਜਾਵੇ ਤਾਂ ਕਿ ਇਹਨਾਂ ਉਪਾਧੀਆਂ ਅਤੇ ਬਿਮਾਰੀਆਂ ਤੋਂ ਸਾਡਾ ਛੁਟਕਾਰਾ ਹੋਵੇ ਵਰਨਾ

*ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ*
*ਤਿਸ ਦਾ ਨਫਰੁ ਕਿਥਹੁ ਰਜਿ ਖਾਏ॥ (ਅੰਗ 306)*

ਅਗਰ ਸਾਧੂ ਹੀ ਫਕੀਰਾਂ ਤੋਂ ਕਬਰਾਂ ਤੋਂ ਡਰਦਾ ਹੋਵੇ ਤਦ ਉਸ ਦੀ ਸੰਗਤ ਕੀ ਕਰੇਗੀ। ਜਿਸ ਦੇ ਘਰ ਕੁਝ ਨਹੀਂ ਹੈ ਉਹ ਲੋਕਾਂ ਨੂੰ ਕੀ ਦੇ ਦੇਵੇਗਾ। ਸੋਈ ਹਜ਼ੂਰ ਸਾਨੂੰ ਐਸੇ ਸਾਧੂਆਂ ਸੰਤਾਂ ਦਾ ਮਿਲਾਪ ਕਰਾਉ ਜੋ ਅੱਗੇ ਮਿਲੇ ਹੋਣ।

*ਹਰਿ ਮੇਲਹੁ ਸੁਆਮੀ ਸੰਗਿ ਪ੍ਰਭ*
*ਜਿਸ ਕਾ ਨਿਹਚਲ ਧਾਮ॥੧॥ (ਅੰਗ 133)*

ਜੋ ਸਾਧੂ ਨਿਹਚਲ ਧਾਮ ਨਾਲ ਜੁੜੇ ਹਨ ਸਾਨੂੰ ਉਹਨਾਂ ਦੀ ਸੰਗਤ ਬਖ਼ਸ਼ੋ।

ਪਹਿਲਾਂ ਨਵੇਂ ਸਾਲ ਦੇ ਆਗਮਨ ਵਿੱਚ ਬਾਰਹਮਾਹਾ ਦੇ ਆਰੰਭ ਵਿੱਚ ਜੋ ਗੁਰਬਾਣੀ ਦੀ ਰਚਨਾ ਸੀ ਉਸ ਦੀ ਵਿਆਖਿਆ ਹੋਈ ਹੈ। ਹੁਣ ਹਜ਼ੂਰ ਚੇਤ ਦੇ ਮਹੀਨੇ ਬਾਰੇ ਭੇਦ ਬਖ਼ਸ਼ ਰਹੇ ਹਨ ਕਿ ਅਗਰ ਤੁਸੀਂ ਚੇਤ ਦੇ ਮਹੀਨੇ ਵਿੱਚ ਸਿਮਰਨ ਕਰੋਗੇ ਤਦ ਤੁਹਾਨੂੰ ਇੱਕ ਅਨੰਦ, ਖੁਸ਼ੀ, ਖੇੜਾ ਪ੍ਰਾਪਤ ਹੋਵੇਗਾ।

ਅਗਰ ਤੁਸੀਂ ਸੰਤਾਂ ਦੇ ਮਿਲਾਪ ਦੇ ਬਾਅਦ ਉਹਨਾਂ ਦੇ ਆਦੇਸ਼ ਅਨੁਸਾਰ ਚੱਲੋਗੇ ਫੇਰ ਤੁਹਾਨੂੰ ਜ਼ਿਆਦਾ ਅਨੰਦ ਆਵੇਗਾ। ਜੇ ਤੁਸੀਂ ਇਸ ਮਹੀਨੇ ਵਿੱਚ ਘਰ ਬੈਠ ਕੇ ਸਿਮਰਨ ਕਰੋਗੇ ਹੋਰ ਵੀ ਅਨੰਦ ਆਵੇਗਾ। ਪਰ ਜੇਕਰ ਕਿਤੇ ਸੰਤਾਂ ਦੀ ਸੰਗਤ ਕਰਕੇ ਸਿਮਰਨ ਕਰੋਗੇ ਫੇਰ ਹੋਰ ਵੀ ਵੱਧ ਅਨੰਦ, ਖੁਸ਼ੀ, ਖੇੜਾ ਆਵੇਗਾ।

ਦੁਨੀਆਂ ਵਿੱਚ ਆਉਣ 'ਤੇ ਉਸ ਜੀਵ ਦੀ ਗਿਣਤੀ ਹੈ, ਉਸ ਪ੍ਰਾਣੀ ਦੀ ਹਾਜਰੀ ਲੱਗਦੀ ਹੈ ਜੋ ਆਪਣੇ ਪ੍ਰੀਤਮ ਨਾਲ

ਮਿਲਾਪ ਲੈਂਦਾ ਹੈ। ਸ਼ਬਦ ਰੂਪੀ ਗੁਰਬਾਣੀ ਹੀ ਸੱਚਾ ਪ੍ਰੀਤਮ ਹੈ ਉਸ ਦਾ ਕੋਈ ਅਕਾਰ ਨਹੀਂ ਹੈ।

*ਬ੍ਰਹਮ ਬੋਲੇ ਕਾਇਆ ਕੇ ਓਹਲੇ।*

*ਬਿਨ ਕਾਇਆ ਬ੍ਰਹਮ ਕਿਆ ਬੋਲੇ।*

ਉਸ ਤਾਕਤ ਨੇ ਕਿਸੇ ਕਾਇਆ ਵਿੱਚ ਬੈਠ ਕੇ ਬਖ਼ਸ਼ਿਸ਼ ਕਰਨੀ ਹੁੰਦੀ ਹੈ। ਜਿਸ ਵਾਸਤੇ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਸਲੋਕ ਫਰੀਦ ਸਾਹਿਬ ਮਹਲਾ ੫ ਦੇ ਰੂਪ ਵਿੱਚ ਉਚਾਰਨ ਕੀਤਾ ਹੈ

*॥ ਮਹਲਾ ੫ ॥*

*ਫਰੀਦਾ ਭੂਮਿ ਰੰਗਾਵਲੀ*

*ਮੰਝਿ ਵਿਸੂਲਾ ਬਾਗੁ ॥*

*ਜੋ ਜਨ ਪੀਰਿ ਨਿਵਾਜਿਆ*

*ਤਿੰਨ੍ਹਾ ਅੰਚ ਨ ਲਾਗ ॥੮੨ ॥ (ਅੰਗ 1382)*

ਜੋ ਇਨਸਾਨ ਰੂਪੀ ਪੀਰ ਦੀ ਸੰਗਤ ਕਰਕੇ ਗੁਰਬਾਣੀ ਦਾ ਸਿਮਰਨ ਜਾਪ ਕਰਦੇ ਹਨ ਉਹਨਾਂ ਨੂੰ ਕੋਈ ਆਂਚ ਨਹੀਂ ਆ ਸਕਦੀ। ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਫਰੀਦ ਸਾਹਿਬ ਦਾ ਸਲੋਕ ਆਪਣੇ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕੀਤਾ ਹੈ ਕਿ ਅਸੀਂ ਬੁਲੰਦ ਆਵਾਜ ਨਾਲ ਮੋਹਰ ਲਗਾਉਂਦੇ ਹਾਂ ਕਿ ਉਸਨੂੰ ਸਾਰੀ ਦੁਨੀਆਂ ਹਰੀ ਨਜ਼ਰ ਆਵੇਗੀ, ਖੁਸ਼ਬੂ ਵਾਲੀ ਮਹਿਸੂਸ ਹੋਵੇਗੀ, ਖਿੜਿਆ ਬਾਗ ਨਜ਼ਰ ਆਵੇਗਾ, ਜਿਸ ਇਨਸਾਨ ਉੱਪਰ ਕਿਸੇ ਪੂਰਨ ਸੰਤਾਂ ਨੇ ਬਖਸ਼ਿਸ਼ ਕਰ ਦਿੱਤੀ ਹੋਵੇਗੀ। ਉਸ ਨੂੰ ਦੁਨੀਆਂ ਵਿੱਚ ਕੋਈ ਆਂਚ ਨਹੀਂ ਆ ਸਕਦੀ। ਹਜ਼ੂਰ ਚੇਤ ਦੇ ਮਹੀਨੇ ਵਿੱਚ ਫੁਰਮਾ ਰਹੇ ਹਨ ਕਿ ਸੰਤ ਬਹੁਤ ਦਿਆਲੂ ਹੁੰਦੇ ਹਨ। ਪਰ ਕਿਸੇ ਨੂੰ ਕਿਵੇਂ ਪਤਾ ਲੱਗੇ ਕਿ ਸੰਤ ਕੌਣ ਹਨ। ਦੁਨੀਆਂ ਵਿੱਚ ਹਰ ਸਮੇਂ ਸਾਧੂ ਸੱਚਮੁੱਚ ਹੀ ਹੁੰਦੇ ਹਨ। ਪੁੱਛਿਆ ਗਿਆ ਸੀ ਕਿ ਕੀ ਕੋਈ ਐਸਾ ਸਮਾਂ ਆਉਂਦਾ ਹੈ ਕਿ ਦੁਨੀਆਂ ਵਿੱਚ ਸੰਤ ਨਾ ਹੋਣ? ਸਾਰੇ ਵੇਦ ਸ਼ਾਸਤਰ ਦੱਸਦੇ ਹਨ ਕਿ

*ਆਗ ਲਗੀ ਸੰਸਾਰ ਕੋ ਝੜ ਝੜ ਪੈਣ ਅੰਗਿਆਰ।*

*ਸੰਤ ਨ ਹੋਤੇ ਜਗਤ ਮੇਂ ਜਲ ਮਰਤਾ ਸੰਸਾਰ।*

ਅਗਰ ਇੱਕ ਸਕਿੰਟ ਲਈ ਸੰਤ ਦੁਨੀਆਂ ਵਿੱਚੋਂ ਪਿੱਛੇ ਹੋ ਜਾਣ ਤਦ ਸਾਰਾ ਸੰਸਾਰ ਭਾਂਬੜ ਵਾਂਗ ਜਲ ਕੇ ਖਤਮ ਹੋ ਜਾਵੇ। ਸਾਧੂ ਕਿਤੇ ਥੋੜ੍ਹੀ ਬਹੁਤੀ ਵੀ ਅੱਖ ਫੇਰ ਲੈਣ ਤਦ ਭੂਚਾਲ ਤੱਕ, ਸੁਨਾਮੀ ਤੱਕ ਆ ਜਾਂਦੇ ਹਨ।

*ਥੰਮ ਨ ਸਾਕੈ ਸਾਧ ਬਿਨ ਰੋਕ ਨ ਸਕੈ ਕੋਇ।*

ਸਾਧੂ ਦੁਨੀਆਂ ਵਿੱਚ ਹੋਣ ਵਾਲੇ ਕਿਸੇ ਐਕਸ਼ਨ ਨੂੰ ਥੰਮ ਸਕਦੇ ਹਨ।

*ਕਾਲ ਪਾਇ ਬ੍ਰਹਮ ਬਪਤਰਾ।*

*ਕਾਲ ਪਾਇ ਸ਼ਿਵ ਜੂ ਅਵਤਰਾ।*

ਕਾਲ ਨੇ ਕਿਸੇ ਨੂੰ ਨਹੀਂ ਬਖ਼ਸ਼ਿਆ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਚੇਤ ਦੇ ਮਹੀਨੇ ਵਿੱਚ ਸੰਤ ਬਹੁਤ ਕਿਰਪਾ ਕਰਦੇ ਹਨ। ਉਹਨਾਂ ਦੀ ਸੰਗਤ ਕਰਕੇ ਬੇਨਤੀ ਕਰਕੇ ਲਾਹਾ ਖੱਟਣਾ ਚਾਹੀਦਾ ਹੈ।

ਜਿਸ ਨੂੰ ਪਿਆਰ ਹੋ ਜਾਂਦਾ ਹੈ—ਜਿਸ ਤਰ੍ਹਾਂ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਬੇਨਤੀਆਂ ਕੀਤੀਆਂ ਸਨ ਕਿ

*ਇਕ ਘੜੀ ਨ ਮਿਲਤੇ*

*ਤਾ ਕਲਿਜੁਗੁ ਹੋਤਾ ॥*

*ਹੁਣਿ ਕਦਿ ਮਿਲੀਐ*

*ਪ੍ਰਿਅ ਤੁਧੁ ਭਗਵੰਤਾ ॥*

*ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ*

*ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩ ॥*

*ਹਉ ਘੋਲੀ ਜੀਉ ਘੋਲਿ ਘੁਮਾਈ*

*ਤਿਸੁ ਸਚੇ ਗੁਰ ਦਰਬਾਰੇ ਜੀਉ ॥੧ ॥ (ਅੰਗ 96-97)*

ਹਜ਼ੂਰ ਚੌਥੇ ਪਾਤਿਸ਼ਾਹ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਦੇ ਪਿਤਾ ਸਨ। ਪਰ ਪੰਜਵੇਂ ਪਾਤਿਸ਼ਾਹ ਦੇ ਦਰਸ਼ਨਾਂ ਤੋਂ ਬਗੈਰ ਐਨੇ ਤੜਪੇ ਕਿ ਚਿੱਠੀਆਂ ਲਿਖ-ਲਿਖ ਬੇਨਤੀਆਂ ਕੀਤੀਆਂ। ਹਜ਼ੂਰ ਨੇ ਉਹ ਸਾਰੀਆਂ ਚਿੱਠੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕਰ ਦਿੱਤੀਆਂ ਹਨ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜਿਹਨਾਂ ਨੂੰ ਮਾਲਿਕ ਮਿਲਦੇ ਨਹੀਂ ਹਨ ਉਹਨਾਂ ਨੂੰ ਪਤਾ ਨਹੀਂ ਚੈਨ ਕਿਵੇਂ ਆਉਂਦਾ ਹੈ। ਉਹ ਰਾਤਾਂ ਨੂੰ ਕਿਵੇਂ ਸੌਂਦੇ ਹਨ। ਉਹ ਦਰਸ਼ਨਾਂ ਤੋਂ ਬਗੈਰ ਕਿਵੇਂ ਜਿਉਂਦੇ ਹਨ।

ਅਸੀਂ ਤੁਹਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਬਚਨ ਦਿੰਦੇ ਹਾਂ ਕਿ ਜਦੋਂ ਤੁਹਾਡੇ ਉੱਪਰ ਗੁਰਬਾਣੀ ਦੀ ਬਖ਼ਸ਼ਿਸ਼ ਹੋ ਜਾਵੇਗੀ ਉਸ ਦਿਨ ਅਗਰ ਅਕਾਸ਼ ਵੱਲ ਦੇਖੋਗੇ ਤੁਹਾਨੂੰ ਅਕਾਸ਼ ਵਿੱਚ ਤੁਹਾਡੇ ਹਜ਼ੂਰ ਖੜ੍ਹੇ ਨਜ਼ਰ ਆਉਣਗੇ। ਜੇ ਤੁਸੀਂ ਦਰਿਆ ਤੇ ਖੜੇ ਹੋਵੋਗੇ ਉਹ ਤੁਹਾਨੂੰ ਦਰਿਆ ਵਿੱਚ ਤੁਰੇ ਆਉਂਦੇ ਨਜਰ ਆਉਣਗੇ। ਜੇ ਜੰਗਲ ਵਿੱਚ ਜਾਉਗੇ ਉਹ ਜੰਗਲ ਵਿੱਚ ਨਜਰ ਆਉਣਗੇ। ਕਿਉਂਕਿ

*ਜਲਿ ਥਲਿ ਮਹੀਅਲਿ ਪੂਰੀਆ ਸੁਆਮੀ ਸਿਰਜਨਹਾਰੁ ॥*

*ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥੧ ॥*

*(ਅੰਗ 296)*

ਉਹ ਤਾਕਤ ਤੁਹਾਨੂੰ ਹਰ ਥਾਂ ਨਜਰ ਆਵੇਗੀ। ਕਿਉਂਕਿ

ਉਹ ਤਾਕਤ ਤਾਂ

Omni present, Omni potent, Omni cient

ਹੈ। ਅਰਥਾਤ

*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥੧॥*

*(ਅੰਗ 684)*

ਉਹ ਚੌਵੀ ਘੰਟੇ ਤੁਹਾਡੇ ਨਾਲ ਹੁੰਦੇ ਹਨ। ਬੁੱਲ੍ਹੇ ਸ਼ਾਹ ਫੁਰਮਾਉਂਦੇ ਹਨ ਕਿ

*ਬੁਲ੍ਹਿਆ! ਸ਼ਹੁ ਤੈਥੋਂ ਵੱਖ ਨਹੀਂ,*

*ਪਰ ਤੇਰੀ ਦੇਖਣ ਵਾਲੀ ਅੱਖ ਨਹੀਂ।*

ਸਾਡੀਆਂ ਅੱਖਾਂ ਮੈਲੀਆਂ ਹਨ, ਖਿਆਲ ਮਾੜੇ ਹਨ ਇਸ ਕਰਕੇ ਸਾਨੂੰ ਸਤਿਗੁਰ ਨਜਰ ਨਹੀਂ ਆਉਂਦੇ। ਉਹ ਤਾਕਤ ਜੰਗਲ ਬੀਆਬਾਨ ਵਿੱਚ ਵੀ ਰਮਣ ਕਰਦੀ ਹੈ।

*ਦੀਦਾਰ ਕੇ ਪਿਆਸੇ ਦੁਨੀਆਂ ਮੇਂ*

*ਹਰ ਰੋਜ਼ ਨਜ਼ਾਰਾ ਕਰਤੇ ਹੈਂ।*

*ਹਰ ਸ਼ੈ ਮੇਂ ਹਲਕੀ ਹਲਕੀ*

*ਤੇਰੀ ਤਸਵੀਰ ਉਤਾਰਾ ਕਰਤੇ ਹੈਂ।*

ਅਗਰ ਤੁਸੀਂ ਬੱਦਲ ਵੱਲ ਦੇਖੋਗੇ ਤਾਂ ਬੱਦਲ ਵਿੱਚ ਹਵਾ ਨਾਲ ਹੀ ਤੁਹਾਡੇ ਮਾਲਿਕ ਦਾ ਸਰੂਪ ਬਣ ਜਾਵੇਗਾ। ਉਹਨਾਂ ਨੇ ਸ਼ਬਦ ਸਰੂਪ ਹੋ ਕੇ ਬੇਬੇ ਨਾਨਕੀ ਦੇ ਕੋਲ ਆ ਕੇ ਫੁਲਕਾ ਖਾ ਲਿਆ ਸੀ। ਉਹ ਤਾਕਤ ਕਿਤੇ ਗਈ ਨਹੀਂ ਹੈ ਪਰ

*ਤੈਨੂੰ ਜਾਚ ਨਾ ਕਮਲੀਏ ਆਈ ਸਾਹਿਬ ਨੂੰ ਮਿਲਣੇ ਦੀ।*

ਮਾਲਿਕ ਮਿਲਦੇ ਕਿਸ ਤਰ੍ਹਾਂ ਹਨ ਇਸ ਬਾਰੇ ਵੀ ਸਾਰਾ ਭੇਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ। ਪਰ ਅਸੀਂ ਲੋਕਾਂ ਦੀ ਦੰਦ ਕਥਾ ਤੋਂ ਡਰਕੇ ਪਾਠ ਰਖਵਾਉਂਦੇ ਹਾਂ ਤਾਂ ਕਿ ਲੋਕ ਇਹ ਨਾ ਕਹਿਣ ਕਿ ਇਹਨਾਂ ਨੇ ਕੁੜੀ ਜਾਂ ਮੁੰਡੇ ਦੇ ਵਿਆਹ ਤੇ ਪਾਠ ਨਹੀਂ ਰਖਵਾਇਆ। ਪਰ ਆਪਾਂ ਗੁਰਬਾਣੀ ਦਾ ਪਾਠ ਸੁਣਦੇ ਨਹੀਂ ਹਾਂ। ਗੁਰਬਾਣੀ ਵਿੱਚ ਸਭ ਕੁਝ ਦਰਜ ਹੈ ਕਿ

*ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ॥*

*ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ (ਅੰਗ 737)*

ਹਜ਼ੂਰ ਨੇ ਗੁਰਬਾਣੀ ਅੰਦਰ ਸਭ ਕੁਝ ਦਰਜ ਕੀਤਾ ਹੈ ਕਿ ਮਾਲਿਕ ਕਿੰਝ ਮਿਲਣਗੇ। ਪਰ ਜੇਕਰ ਆਪਾਂ ਪਾਠ ਸੁਣਾਂਗੇ ਤਦ ਹੀ ਪਤਾ ਚੱਲੇਗਾ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਇਹ ਮਹੀਨਾ ਬੜਾ ਭਾਗਾਂ ਵਾਲਾ ਹੈ। ਪਰ

*ਸੱਚਖੰਡ ਨੂੰ ਜਾਣ ਦਾ ਰਸਤਾ ਸੰਤ ਬਤਾਉਂਦੇ ਐ।*

ਉਹ ਜੁਗਤੀਆਂ ਉਹ ਤਰੀਕੇ ਸਾਧੂਆਂ ਕੋਲ ਹਨ

*ਕੁੰਜੀ ਸਤਿਗੁਰ ਹਥ ਹੋਰਤ ਦਰ ਖੁਲੇ ਨਾਹੀ*

*ਗੁਰ ਪੂਰੇ ਭਾਗ ਮਿਲਾਵਣਿਆ॥*

ਸੰਤਾਂ ਨੇ ਆਪਣੇ ਪਾਸ ਚਾਬੀ ਰੱਖੀ ਹੁੰਦੀ ਹੈ। ਉਸ ਅਨੁਸਾਰ ਜੀਵ ਤੁਰਦਾ ਹੈ ਤਦ ਬਖਸ਼ਿਸ਼ ਹੁੰਦੀ ਹੈ।

ਸਾਨੂੰ ਸਾਰੇ ਘਰ ਦੇ ਕੰਮ ਚੇਤੇ ਰਹਿੰਦੇ ਹਨ ਪਰ ਮਾਲਿਕ ਕਦੇ ਚੇਤੇ ਨਹੀਂ ਆਉਂਦੇ। ਕਿੰਨੀ ਦੁਖ ਦੀ ਗੱਲ ਹੈ। ਅਗਰ ਮਾਲਿਕ ਨੂੰ ਸੁਆਸ-ਸੁਆਸ ਨਾਲ ਚੇਤੇ ਰੱਖਾਂਗੇ, ਅਗਰ ਇਹ ਚਿਤ ਵਿੱਚ ਆ ਗਿਆ ਕਿ ਮਾਲਿਕ ਨੂੰ ਸੁਆਸ-ਸੁਆਸ ਨਾਲ ਚੇਤੇ ਰੱਖਣਾ ਹੈ ਫੇਰ ਉਸ ਨਾਲ ਦਾ ਭਾਗਾਂ ਵਾਲਾ ਸਮਾਂ ਕੋਈ ਨਹੀਂ ਹੈ।

*ਤੂੰ ਵਿਸਰਹਿ ਤਾਂ ਸਭ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ॥*

*(ਅੰਗ 383)*

ਜਦੋਂ ਤੁਸੀਂ ਖਿਆਲ ਵਿੱਚ ਚੇਤੇ ਕਰਦੇ ਹੋ ਹਜ਼ੂਰ ਸੇਵਾ ਕਬੂਲ ਕਰ ਲੈਂਦੇ ਹਨ।

ਜੋ ਜਾਪ ਅਤੇ ਸਿਮਰਨ ਕਰਦੇ ਹਨ ਉਹਨਾਂ ਦੇ ਭਾਗ ਬਹੁਤ ਹੀ ਉੱਚੇ ਅਤੇ ਸੁੱਚੇ ਹੁੰਦੇ ਹਨ।

ਹੇ ਸੱਚੇ ਪਾਤਿਸ਼ਾਹੋ! ਮੈਨੂੰ ਤੁਹਾਡੇ ਦਰਸ਼ਨਾਂ ਦੀ ਬਹੁਤ ਪਿਆਸ ਅਤੇ ਤਾਂਘ ਹੈ। ਮੇਰੀ ਇਹ ਪਿਆਸ ਨਵਿਰਤ ਕਰੋ। ਗੁਰਬਾਣੀ ਦਾ ਅੰਮ੍ਰਿਤ ਰੂਪੀ ਜਲ ਮੈਨੂੰ ਬਖਸ਼ਿਸ਼ ਕਰੋ।

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜੋ ਕੋਈ ਮੈਨੂੰ ਉਸ ਪ੍ਰਭੂ ਦਾ ਮਿਲਾਪ ਕਰਵਾ ਦੇਵੇ ਮੈਂ ਉਸ ਦੇ ਚਰਨਾਂ ਉੱਪਰ ਸਿਰ ਝੁਕਾਉਣ ਲਈ ਤਿਆਰ ਹਾਂ। ਪਰ ਸਮਾਜਿਕ ਤੌਰ ਤੇ ਮਾਣ ਵਡਿਆਈ ਤੋਂ ਬਚਣ ਲਈ ਸਾਧੂ ਮੱਥਾ ਨਹੀਂ ਟਿਕਵਾਉਂਦੇ। ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ ਕਿ

*ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ॥ (ਅੰਗ 13)*

ਅੰਜਲੀ ਮੱਥਾ ਟੇਕਣ ਨੂੰ ਕਿਹਾ ਗਿਆ ਹੈ ਕਿ ਸਾਧੂਆਂ ਨੂੰ ਮੱਥਾ ਟੇਕਣ ਤੋਂ ਵੱਡਾ ਦੁਨੀਆਂ ਵਿੱਚ ਕੋਈ ਵੀ ਪੁੰਨ ਨਹੀਂ ਹੈ।

*ਕਰਿ ਡੰਡਉਤ ਪੁਨੁ ਵਡਾ ਹੇ॥ (ਅੰਗ 13)*

ਸਾਧੂ ਦੇ ਚਰਨਾਂ ਵਿੱਚ ਜਾਂਦਿਆਂ ਲੰਮੇ ਪੈ-ਪੈ ਕੇ ਜਾਉ ਉਸ ਤੋਂ ਵੱਡਾ ਕੋਈ ਪੁੰਨ ਨਹੀਂ ਹੈ। ਆਪਾਂ ਸਮਾਜਿਕ ਭੈਅ ਵਿੱਚ ਆ ਕੇ ਡਰਦੇ ਹਾਂ। ਪਰ ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜਿਹੜੇ ਮਾਲਿਕ ਦਾ ਸਿਮਰਨ ਕਰਦੇ ਹਨ ਉਹਨਾਂ ਤੋਂ ਵੱਡਾ ਭਾਗਾਂ ਵਾਲਾ ਕੋਈ ਨਹੀਂ ਹੈ। ਜਿਹੜਾ ਸਾਨੂੰ ਮਾਲਿਕ ਦਾ

Monthly **GURBANI UPMA** Regd. No. RN 42490/87
S. G. L. JAN SEWA KENDAR, GARHA, JALANDHAR-144 022.
Phones : 0181-2481500, 0181-2999777

ਮਿਲਾਪ ਕਰਵਾ ਦੇਵੇ, ਚਾਹੇ ਸਾਨੂੰ ਕੋਈ ਕੁਝ ਵੀ ਕਹੇ ਪਰ ਅਸੀਂ ਉਸ ਦੇ ਚਰਨਾਂ ਵਿੱਚ ਸਿਰ ਝੁਕਾ ਕੇ ਨਮਸਕਾਰ ਕਰਦੇ ਹਾਂ। ਸਿਰ ਝੁਕਾਉਣਾ ਤਾਂ ਕੀ ਸੰਤਾਂ ਨੇ ਤਾਂ ਇੱਥੋਂ ਤੱਕ ਫੁਰਮਾਇਆ ਹੈ ਕਿ

*ਸਿਰ ਦਿਤਿਆ ਜੇ ਸਤਿਗੁਰ ਮਿਲ ਜਾਏ*
*ਤੋ ਭੀ ਸਸਤਾ ਜਾਨ।*

ਅਗਰ ਸਿਰ ਵੱਢ ਕੇ ਮੱਥਾ ਟੇਕ ਦੇਵਾਂ ਉਹ ਵੀ ਸਸਤਾ ਹੈ। ਗੁਰਬਾਣੀ ਅੰਦਰ ਅੰਕਿਤ ਹੈ

*ਤੈ ਸਾਹਿਬ ਕੀ ਬਾਤ ਜਿ ਆਖੈ*
*ਕਹੁ ਨਾਨਕ ਕਿਆ ਦੀਜੈ॥*

ਅਗਰ ਮੈਨੂੰ ਕੋਈ ਗੁਰੂ ਦੀ ਗੱਲ ਸੁਣਾ ਦੇਵੇ ਕਿਉਂਕਿ

*ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ॥*
*ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ॥*
*(ਅੰਗ 725)*

ਜਿਹੜਾ ਰੱਬ ਦਾ ਨਾਮ ਜਾਂ ਬਚਨ ਸੁਣਾਵੇ ਉਸ ਦੀ ਕੀ ਸੇਵਾ ਕਰਨੀ ਚਾਹੀਦੀ ਹੈ।

*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥*
*(ਅੰਗ 558)*

ਆਪਣਾ ਸਿਰ ਵੱਢ ਕੇ ਉਸ ਨੂੰ ਉੱਪਰ ਬਿਠਾ ਦਿਉ ਅਤੇ ਆਪ ਬਿਨਾ ਸਿਰ ਤੋਂ ਸੇਵਾ ਕਰੋ। ਦੇਖੋ ਹਜ਼ੂਰ ਨੇ ਸਾਧੂਆਂ ਦੇ ਮਿਲਾਪ, ਸੰਗਤ ਅਤੇ ਬਚਨਾਂ ਦੀ ਕਿੰਨੀ ਉਪਮਾ ਕੀਤੀ ਹੈ।

ਸੋਈ ਹਜ਼ੂਰ ਕਿਰਪਾ ਕਰਨ। ਚੇਤ ਦਾ ਮਹੀਨਾ 14.3.2010 ਐਤਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ, ਸ਼ਾਂਤੀ, ਖੇੜੇ, ਇਤਿਫਾਕ, ਚੜ੍ਹਦੀ ਕਲਾ, ਕਾਰਬੋਰਾਂ ਵਿੱਚ ਵਾਧੇ ਅਤੇ ਨਾਮ ਦੀ ਦਾਤ ਬਖਸ਼ਦੇ ਹੋਏ ਹਜ਼ੂਰ ਨੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ਦੇ ਰਹਿਣ।

ਜੋ ਸੰਗਤ ਦੇਸ਼-ਵਿਦੇਸ਼ ਵਿੱਚ ਹੋਣ ਕਾਰਨ ਨਹੀਂ ਆ ਸਕੀ ਹਜ਼ੂਰ ਉਹਨਾਂ ਦੀਆਂ ਵੀ ਹਾਜ਼ਰੀਆਂ ਕਬੂਲ ਕਰਨ।

ਫੇਰ ਦੁਬਾਰਾ ਸਾਰੇ ਦੇਸ਼ ਵਾਸੀਆਂ ਨੂੰ, ਸਾਰੀ ਕਾਇਨਾਤ ਨੂੰ, ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮੰਨਣ ਵਾਲਿਆਂ ਨੂੰ ਅਤੇ ਆਈ ਸੰਗਤ ਨੂੰ ਨਵੇਂ ਸਾਲ ਦੀ ਲੱਖ-ਲੱਖ ਵਧਾਈ ਹੋਵੇ। ਸਾਡੀਆਂ ਇਹੋ ਹੀ ਅਰਦਾਸਾਂ ਹਨ।

ਵਧੇ ਫੁਲੇ ਰੰਗ ਮਾਣੇ ਸਈਉ ਨੀ ਮੇਰੇ ਸਤਿਗੁਰ ਦੀ ਵਾੜੀ।

ਅਸੀਂ ਸਾਰੇ ਸਤਿਗੁਰ ਦੀ ਵਾੜੀ ਜਾਂ ਫਸਲ ਹਾਂ। ਇਹ ਜਿੰਨੀ ਵਧੇ ਫੁਲੇ, ਖੁਸ਼ਬੂਦਾਰ ਹੋਵੇ, ਫੁੱਲ ਖਿੜੇ ਹੋਣ ਓਨੀ ਵਧੀਆ ਲੱਗਦੀ ਹੈ। ਹਜ਼ੂਰ ਕਿਰਪਾ ਕਰਕੇ ਇਸੇ ਤਰ੍ਹਾਂ ਹੀ ਖੁਸ਼ੀਆਂ ਖੇੜੇ ਬਖਸ਼ਦੇ ਰਹਿਣ।

*ਪ੍ਰਿੰਟਰ, ਪਬਿਲਿਸ਼ਰ ਅਤੇ ਮਾਲਕ **ਬਾਬਾ ਕਸ਼ਮੀਰਾ ਸਿੰਘ** ਨੇ ਕਪੂਰ ਲੇਜ਼ਰ ਗ੍ਰਾਫਿਕਸ ਤੋਂ ਟਾਈਪ ਸੈਟਿੰਗ ਕਰਵਾ ਕੇ ਸੌਰਭ ਇੰਟਰਪ੍ਰਾਇਜ਼ਜ਼, ਜਲੰਧਰ ਤੋਂ ਛਪਵਾ ਕੇ ਐਸ. ਜੀ. ਐੱਲ. ਜਨ ਸੇਵਾ ਕੇਂਦਰ, ਗੜ੍ਹਾ, ਜਲੰਧਰ-144 022 ਤੋਂ ਪ੍ਰਕਾਸ਼ਿਤ ਕੀਤਾ।*
ਫੋਨ : 0181-2481500, 0181-2999777
www.sglchhosp.org
**ਐਡੀਟਰ : ਮਹਿੰਦਰ ਸਿੰਘ ਪਰਵਾਨਾ** **ਜਿਲਦ-੨੩ ਅੰਕ 1** **ਮਾਰਚ : ੨੦੧੦** **ਕੀਮਤ : 6 ਰੁਪੈ**